ਸ਼ੁੱਕਰਵਾਰ, 18 ਨਵੰਬਰ, 2022
3 ਮੱਘਰ { ਨਾਨਕਸ਼ਾਹੀ 554, ਬਿਕਰਮੀ 2079 }
ਜਿਲਦ/VOL. : 71
ਅੰਕ/NO. : 168

# ਨਵਾਂ ਜ਼ਮਾਨਾ

DAILY NAWAN ZAMANA • FRIDAY, 18 NOVEMBER, 2022
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕਿਸਾਨਾਂ ਨੂੰ ਕਮਰਕੱਸੇ ਕੱਸ ਲੈਣ ਦਾ ਸੱਦਾ

ਨਵੀਂ ਦਿੱਲੀ : ਕਿਸਾਨਾਂ ਦੀਆਂ ਲਟਕਦੀਆਂ ਮੰਗਾਂ 'ਤੇ ਕੇਂਦਰ ਵੱਲੋਂ ਦਿੱਤੇ ਭਰੋਸੇ ਨੂੰ ਪੂਰਾ ਨਾ ਕਰਨ ਦਾ ਦੋਸ਼ ਲਾਉਂਦਿਆਂ ਸੰਯੁਕਤ ਕਿਸਾਨ ਮੋਰਚਾ ਨੇ 26 ਨਵੰਬਰ ਨੂੰ ਦੇਸ਼-ਭਰ ਦੇ ਰਾਜ ਭਵਨਾਂ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ 19 ਨਵੰਬਰ ਨੂੰ 'ਫਤਹਿ ਦਿਵਸ' ਵਜੋਂ ਮਨਾਇਆ ਜਾਵੇਗਾ, ਕਿਉਂਕਿ ਪਿਛਲੇ ਸਾਲ ਇਸ ਦਿਨ ਕੇਂਦਰ ਸਰਕਾਰ ਨੇ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਹੁਕਮ ਦਿੱਤੇ ਸਨ। 1 ਤੋਂ 11 ਦਸੰਬਰ ਤੱਕ ਸਾਰੀਆਂ ਸਿਆਸੀ ਪਾਰਟੀਆਂ ਦੇ ਲੋਕ ਸਭਾ, ਰਾਜ ਸਭਾ ਮੈਂਬਰਾਂ ਦੇ ਦਫਤਰਾਂ ਵੱਲ ਮਾਰਚ ਕੀਤਾ ਜਾਵੇਗਾ। ਮੋਰਚੇ ਦੇ ਨੇਤਾ ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਦੇ ਅਗਲੇ ਪੜਾਅ ਬਾਰੇ ਫੈਸਲਾ ਲੈਣ ਲਈ 8 ਦਸੰਬਰ ਨੂੰ ਕਰਨਾਲ 'ਚ ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਹੋਵੇਗੀ।

ਪ੍ਰੈੱਸ ਕਾਨਫਰੰਸ, ਜਿਸ ਵਿਚ ਹਨਨ ਮੁੱਲ੍ਹਾ, ਯੁਧਵੀਰ ਸਿੰਘ, ਅਵੀਕ ਸ਼ਰਮਾ ਤੇ ਅਸ਼ੋਕ ਧਵਾਲੇ ਵੀ ਮੌਜੂਦ ਸਨ, ਵਿਚ ਆਗੂਆਂ ਨੇ ਕਿਹਾ ਕਿ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਅਤੇ ਬਿਜਲੀ ਬਿੱਲ ਵਾਪਸ ਲੈਣ ਆਦਿ ਬਾਰੇ ਲਿਖਤੀ ਭਰੋਸੇ ਲਾਗੂ ਨਾ ਕਰਕੇ ਸਰਕਾਰ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਕਰਜ਼ਾ ਮੁਕਤ-ਪੂਰਾ ਦਾਮ' ਸਣੇ ਸਭ ਮੰਗਾਂ ਮਨਾਉਣ ਲਈ ਮੋਰਚੇ ਦੇ ਭਾਈਵਾਲ ਦੇਸ਼ਵਿਆਪੀ ਅੰਦੋਲਨ ਤੇਜ਼ ਕਰਨ ਲਈ ਕਮਰਕੱਸੇ ਕੱਸ ਲੈਣ। ਮੋਰਚੇ ਨੇ ਜੀ ਐੱਮ ਮਸਟਰਡ ਬੀਜ ਨੂੰ ਕਲੀਅਰ ਕਰਨ ਕਾਹਲੀ ਦਿਖਾਉਣ ਵਾਲੀ ਮੋਦੀ ਸਰਕਾਰ ਦੀ ਨਿੰਦਾ ਕੀਤੀ ਹੈ। ਉਸ ਨੇ ਕਿਹਾ ਹੈ ਕਿ ਇਸ ਨਾਲ ਬੀਜਾਂ 'ਤੇ ਇਜਾਰੇਦਾਰੀ ਕਾਇਮ ਕਰਕੇ ਕਾਰਪੋਰੇਟ ਮੁਨਾਫਾ ਕਮਾਉਣਗੇ। ਬਿਨਾਂ ਵਿਗਿਆਨਕ ਖੋਜ




ਦੇ ਇਹ ਬੀਜ ਬੀਜਣ ਨਾਲ ਵਾਤਾਵਰਣ ਦਾ ਨੁਕਸਾਨ ਹੋਵੇਗਾ। ਇਹ ਮਨੁੱਖਾਂ ਤੇ ਜਾਨਵਰਾਂ ਲਈ ਮਾਰੂ ਸਾਬਤ ਹੋਵੇਗਾ।

ਆਗੂਆਂ ਨੇ ਕਿਹਾ ਕਿ ਕੇਂਦਰ ਨੇ ਕਿਸਾਨਾਂ ਖਿਲਾਫ ਝੂਠੇ ਕੇਸ ਵੀ ਅਜੇ ਤੱਕ ਵਾਪਸ ਨਹੀਂ ਕਰਵਾਏ। ਲਖੀਮਪੁਰ ਖੀਰੀ ਵਿਚ ਕਿਸਾਨਾਂ 'ਤੇ ਗੱਡੀ ਚੜ੍ਹਾਉਣ ਵਾਲੇ ਦਾ ਅਸ਼ੀਸ਼ ਮਿਸ਼ਰਾ ਦਾ ਪਿਤਾ ਅਜੇ ਵੀ ਕੇਂਦਰ ਵਿਚ ਮੰਤਰੀ ਹੈ।

## ਸੁਪਰੀਮ ਕੋਰਟ ਕਾਲੇਜੀਅਮ ਸਿਸਟਮ 'ਤੇ ਨਜ਼ਰਸਾਨੀ ਲਈ ਰਾਜ਼ੀ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਵੀਰਵਾਰ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਕਰਨ ਵਾਲੇ ਕਾਲੇਜੀਅਮ ਸਿਸਟਮ 'ਤੇ ਨਜ਼ਰਸਾਨੀ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਰਾਜ਼ੀ ਹੋ ਗਏ।



ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਨੈਸ਼ਨਲ ਜੁਡੀਸ਼ੀਅਲ ਅਪਾਇੰਟਮੈਂਟਸ ਕਮਿਸ਼ਨ (ਐੱਨ ਜੇ ਏ ਸੀ) ਨੂੰ ਸੁਰਜੀਤ ਕੀਤਾ ਜਾਵੇ। ਸੁਪਰੀਮ ਕੋਰਟ ਨੇ ਜੱਜਾਂ ਦੀ ਨਿਯੁਕਤੀ ਵਿਚ ਸਰਕਾਰ ਨੂੰ ਬਰਾਬਰ ਦਾ ਹੱਕ ਦਿੰਦੇ ਕਮਿਸ਼ਨ ਨੂੰ 2015 ਵਿਚ ਰੱਦ ਕਰ ਦਿੱਤਾ ਸੀ।

ਸੁਪਰੀਮ ਕੋਰਟ ਜਿਸ ਪਟੀਸ਼ਨ 'ਤੇ ਸੁਣਵਾਈ ਕਰੇਗੀ, ਉਸ ਤੋਂ ਪਹਿਲਾਂ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਕਾਲੇਜੀਅਮ ਸਿਸਟਮ ਦਾ ਵਿਰੋਧ ਕਰਦਿਆਂ ਉਸ ਨੂੰ ਅਪਾਰਦਰਸ਼ੀ ਕਰਾਰ ਦੇ ਚੁੱਕੇ ਹਨ।

ਪਟੀਸ਼ਨਰ ਐਡਵੋਕੇਟ ਮੈਥਿਊਜ਼ ਜੇ ਨੇਦੁਮਪਾਰਾ ਤੇ ਹੋਰਨਾਂ ਵਕੀਲਾਂ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਅਕਤੂਬਰ 2015 ਵਿਚ 99ਵੇਂ ਸੰਵਿਧਾਨਕ ਸੋਧ ਕਾਨੂੰਨ, ਜਿਸ ਤਹਿਤ ਕਮਿਸ਼ਨ ਕਾਇਮ ਹੋਣਾ ਸੀ, ਨੂੰ ਰੱਦ ਕਰਕੇ 'ਲੋਕਾਂ ਦੀ ਇੱਛਾ' ਉੱਤੇ ਪਾਣੀ ਫੇਰਿਆ ਸੀ। ਉਸ ਫੈਸਲੇ ਨੂੰ ਰੱਦ ਕੀਤਾ ਜਾਵੇ, ਕਿਉਂਕਿ ਉਸ ਨੇ ਕਾਲੇਜੀਅਮ ਸਿਸਟਮ ਨੂੰ ਬਹਾਲ ਰੱਖਿਆ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਕਾਲੇਜੀਅਮ ਸਿਸਟਮ ਵਿਚ ਭਾਈ-ਭਤੀਜਾਵਾਦ ਤੇ ਪੱਖਪਾਤ ਚਲਦਾ ਹੈ। ਪਟੀਸ਼ਨਰਾਂ ਨੇ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਬਦਲਵਾਂ ਸਿਸਟਮ ਬਣਾਉਣ ਲਈ ਕਈ ਵਾਰ ਕਿਹਾ, ਪਰ ਗੱਲ ਨਹੀਂ ਬਣੀ। ਆਖਰ ਉਨ੍ਹਾਂ ਨੂੰ ਸੁਪਰੀਮ ਕੋਰਟ ਵਿਚ ਆਉਣਾ ਪਿਆ ਹੈ। ਪਟੀਸ਼ਨਰਾਂ ਨੇ ਦਲੀਲ ਦਿੱਤੀ ਹੈ ਕਿ ਕਮਿਸ਼ਨ ਦੀ ਕਾਇਮੀ ਲਈ ਸੰਸਦ ਦੇ ਦੋਹਾਂ ਸਦਨਾਂ ਨੇ ਸਰਬਸੰਮਤੀ ਨਾਲ (ਸਿਰਫ ਰਾਮ ਜੇਠਮਲਾਨੀ ਨੂੰ ਛੱਡ ਕੇ) ਮਨਜ਼ੂਰੀ ਦਿੱਤੀ ਸੀ। 21 ਰਾਜਾਂ ਦੀਆਂ ਅਸੰਬਲੀਆਂ ਨੇ ਵੀ ਪ੍ਰੋੜ੍ਹਤਾ ਕੀਤੀ ਸੀ।

ਚੀਫ ਜਸਟਿਸ ਚੰਦਰਚੂੜ ਨੇ ਕਿਹਾ ਕਿ ਕਾਲੇਜੀਅਮ ਸਿਸਟਮ ਕੋਰਟ ਦੇ ਫੈਸਲੇ ਨਾਲ ਬਣਿਆ ਹੈ, ਇਸ ਨੂੰ 1993 ਵਿਚ ਨੌਂ ਮੈਂਬਰੀ ਬੈਂਚ ਦੇ ਫੈਸਲੇ ਨਾਲ ਲਾਗੂ ਕੀਤਾ ਗਿਆ ਸੀ। ਉਨ੍ਹਾ ਹੈਰਾਨੀ ਪ੍ਰਗਟਾਈ ਕਿ ਉਸ ਫੈਸਲੇ ਨੂੰ ਰਿੱਟ ਪਟੀਸ਼ਨ ਨਾਲ ਚੈਲੰਜ ਕੀਤਾ ਜਾ ਸਕਦਾ ਹੈ।

ਪਟੀਸ਼ਨਰਾਂ ਨੇ ਕਿਹਾ ਕਿ ਜੱਜਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਪਾਰਦਰਸ਼ੀ ਤੇ ਖੁੱਲ੍ਹੀ ਹੋਣੀ ਚਾਹੀਦੀ ਹੈ। ਅਸਾਮੀਆਂ ਦਾ ਨੋਟੀਫਿਕੇਸ਼ਨ ਕੱਢ ਕੇ ਅਰਜ਼ੀਆਂ ਮੰਗਣੀਆਂ ਚਾਹੀਦੀਆਂ ਹਨ। ਲੋਕਾਂ ਨੂੰ ਉਮੀਦਵਾਰਾਂ ਬਾਰੇ ਰਾਇ ਦੇਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਕਾਲੇਜੀਅਮ ਸਿਸਟਮ ਕਾਰਨ ਹਜ਼ਾਰਾਂ ਯੋਗ ਵਕੀਲ ਜੱਜ ਨਹੀਂ ਬਣ ਪਾ ਰਹੇ। ਇਸ ਦਾ ਬਦਲ ਲੱਭਣਾ ਸਮੇਂ ਦੀ ਲੋੜ ਹੈ।

### ਬੱਬੂ ਮਾਨ ਨੂੰ ਧਮਕੀ



ਮੁਹਾਲੀ : ਇਥੇ ਰਹਿੰਦੇ ਗਾਇਕ ਬੱਬੂ ਮਾਨ ਨੂੰ ਕਿਸੇ ਅਣਪਛਾਤੇ ਨੇ ਫੋਨ ਉਤੇ ਧਮਕੀ ਦਿੱਤੀ ਹੈ। ਇਸ ਤੋਂ ਬਾਅਦ ਪੁਲਸ ਨੇ ਉਸ ਦੇ ਮੁਹਾਲੀ ਦੇ ਸੈਕਟਰ-71 ਸਥਿਤ ਘਰ ਦੀ ਸੁਰੱਖਿਆ ਵਧਾ ਦਿੱਤੀ ਹੈ, ਪਰ ਇਸ ਸੰਬੰਧੀ ਕੋਈ ਵੀ ਅਧਿਕਾਰੀ ਆਪਣਾ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਹੈ। ਸੂਤਰਾਂ ਮੁਤਾਬਕ ਇਹ ਧਮਕੀ ਗੈਂਗਸਟਰ ਬੰਬੀਹਾ ਗਰੁੱਪ ਨੇ ਦਿੱਤੀ ਹੈ।

### 3 ਹੈਂਡ ਗ੍ਰਨੇਡਾਂ ਸਣੇ 2 ਗ੍ਰਿਫਤਾਰ

ਅੰਮ੍ਰਿਤਸਰ : ਪੁਲਸ ਨੇ ਵੀਰਵਾਰ ਅੰਮ੍ਰਿਤਸਰ-ਪਠਾਨਕੋਟ ਰੋਡ 'ਤੇ ਨਾਕੇ ਦੌਰਾਨ ਫਿਰੋਜ਼ਪੁਰ ਦੇ ਪ੍ਰਕਾਸ਼ ਸਿੰਘ ਅਤੇ ਅੰਗਰੇਜ਼ ਸਿੰਘ ਕੋਲੋਂ ਤਿੰਨ ਹੈਂਡ ਗ੍ਰਨੇਡ, 1 ਲੱਖ ਰੁਪਏ ਅਤੇ ਕਾਰ ਬਰਾਮਦ ਕੀਤੀ।

### ਐਮਾਜ਼ੋਨ 10 ਹਜ਼ਾਰ ਮੁਲਾਜ਼ਮ ਛਾਂਟੀ ਕਰੇਗੀ

ਨਿਊਯਾਰਕ : ਐਮਾਜ਼ੋਨ 17 ਜਨਵਰੀ ਤੋਂ ਮੁਲਾਜ਼ਮਾਂ ਦੀ ਵੱਡੀ ਪੱਧਰ 'ਤੇ ਛਾਂਟੀ ਸ਼ੁਰੂ ਕਰਨ ਜਾ ਰਹੀ ਹੈ। ਇਸ ਦੇ ਦੁਨੀਆ ਭਰ 'ਚ 15 ਲੱਖ ਤੋਂ ਵੱਧ ਮੁਲਾਜ਼ਮ ਹਨ। ਸੂਤਰਾਂ ਮੁਤਾਬਕ ਕੰਪਨੀ 10 ਹਜ਼ਾਰ ਦੇ ਕਰੀਬ ਮੁਲਾਜ਼ਮਾਂ ਨੂੰ ਕੱਢੇਗੀ।

### ਕੇਪੀ ਦੀ ਗੱਡੀ ਹਾਦਸੇ ਦਾ ਸ਼ਿਕਾਰ

ਫਿਲੌਰ : ਵੀਰਵਾਰ ਨੂਰਮਹਿਲ ਰੋਡ 'ਤੇ ਸਾਬਕਾ ਸਾਂਸਦ ਮਹਿੰਦਰ ਸਿੰਘ ਕੇ ਪੀ ਦੀ ਗੱਡੀ ਦਾ ਟਾਇਰ ਫਟ ਗਿਆ ਤੇ ਐਕਸਲ ਟੁੱਟ ਗਿਆ। ਕੇਪੀ ਨੇ ਦੱਸਿਆ ਕਿ ਉਹ ਪਰਵਾਰ ਸਮੇਤ ਵਿਆਹ 'ਚ ਸ਼ਾਮਲ ਹੋਣ ਜਾ ਰਹੇ ਸਨ। ਸੱਟ ਤੋਂ ਬਚਾਅ ਰਿਹਾ।

### ਨਵਲੱਖਾ ਦੀ ਪਟੀਸ਼ਨ 'ਤੇ ਸੁਣਵਾਈ ਅੱਜ

ਨਵੀਂ ਦਿੱਲੀ : ਸੁਪਰੀਮ ਕੋਰਟ ਸ਼ੁੱਕਰਵਾਰ ਗੌਤਮ ਨਵਲੱਖਾ ਦੀ ਪਟੀਸ਼ਨ 'ਤੇ ਸੁਣਵਾਈ ਕਰੇਗੀ। ਨਵਲੱਖਾ ਨੂੰ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਹਾਲੇ ਤੱਕ ਜੇਲ੍ਹ ਤੋਂ ਘਰ ਨਜ਼ਰਬੰਦ ਨਹੀਂ ਕੀਤਾ ਗਿਆ। ਸੁਪਰੀਮ ਕੋਰਟ ਨੇ ਕਿਹਾ ਕਿ ਮਾਓਵਾਦੀ ਲਿੰਕ ਮਾਮਲੇ 'ਚ ਗੌਤਮ ਨਵਲੱਖਾ ਦੀ ਅਰਜ਼ੀ ਦੇ ਨਾਲ-ਨਾਲ ਐੱਨ ਆਈ ਏ ਦੀ ਪਟੀਸ਼ਨ 'ਤੇ ਵੀ ਸ਼ੁੱਕਰਵਾਰ ਸੁਣਵਾਈ ਹੋਵੇਗੀ।

## ਡੇਰਾ ਪ੍ਰੇਮੀ ਕਤਲ ਕਾਂਡ ਦੇ ਦੋ ਹੋਰ ਸ਼ੂਟਰ ਫੜਨ ਦਾ ਦਾਅਵਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਪੁਲਸ ਨੇ ਵੀਰਵਾਰ ਪ੍ਰਦੀਪ ਸਿੰਘ ਦੀ ਮਿੱਥ ਕੇ ਹੱਤਿਆ ਕਰਨ ਵਾਲੇ ਦੋ ਮੁੱਖ ਸ਼ੂਟਰਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪ੍ਰਦੀਪ ਨੂੰ 6 ਸ਼ੂਟਰਾਂ ਨੇ ਬੀਤੀ 10 ਨਵੰਬਰ ਨੂੰ ਕੋਟਕਪੂਰਾ ਵਿਖੇ ਉਸ ਦੀ ਦੁਕਾਨ ਦੇ ਬਾਹਰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋ ਸ਼ੂਟਰਾਂ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਮਨੀ (26) ਅਤੇ ਭੁਪਿੰਦਰ ਸਿੰਘ ਉਰਫ਼ ਗੋਲਡੀ (22) ਵਾਸੀ ਫ਼ਰੀਦਕੋਟ ਵਜੋਂ ਹੋਈ ਹੈ, ਜਦਕਿ ਤੀਜੇ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਬਲਜੀਤ ਸਿੰਘ ਉਰਫ਼ ਮੰਨਾ ਵਾਸੀ ਸ੍ਰੀ ਮੁਕਤਰ ਸਾਹਿਬ ਵਜੋਂ ਹੋਈ ਹੈ।

ਉਹਨਾ ਕਿਹਾ ਕਿ ਪੰਜਾਬ ਪੁਲਸ ਨੇ ਪਹਿਲੇ ਦਿਨ ਹੀ ਦੋ ਮੁੱਖ ਸ਼ੂਟਰ ਮਨਪ੍ਰੀਤ ਮਨੀ ਅਤੇ ਭੁਪਿੰਦਰ ਗੋਲਡੀ ਦੀ ਪਛਾਣ ਕਰ ਲਈ ਸੀ ਅਤੇ



ਇਸ ਸੰਬੰਧ ਵਿੱਚ ਪੁਲਸ ਵੱਲੋਂ ਵਿਆਪਕ ਛਾਪੇਮਾਰੀ ਕੀਤੀ ਜਾ ਰਹੀ ਸੀ। ਖੁਫੀਆ ਜਾਣਕਾਰੀ ਦੀ ਅਗਵਾਈ ਵਾਲੀ ਸਾਂਝੀ ਕਾਰਵਾਈ ਦੌਰਾਨ ਕਾਊਂਟਰ ਇੰਟੈਲੀਜੈਂਸ ਜਲੰਧਰ, ਹੁਸ਼ਿਆਰਪੁਰ ਪੁਲਸ ਅਤੇ ਫਰੀਦਕੋਟ ਪੁਲਸ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਬਾਹਰੀ ਇਲਾਕੇ ਤੋਂ ਦੋਵਾਂ ਸ਼ੂਟਰਾਂ ਨੂੰ ਕਾਬੂ ਕੀਤਾ, ਜਦੋਂ ਉਹ ਹਿਮਾਚਲ ਪ੍ਰਦੇਸ਼ ਨੂੰ ਭੱਜਣ ਲਈ ਬੱਸ ਦੀ ਉਡੀਕ ਕਰ ਰਹੇ ਸਨ। ਉਨ੍ਹਾ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਸ਼ੂਟਰਾਂ 'ਤੇ ਫਿਰੌਤੀ ਅਤੇ ਹੋਰ ਅਪਰਾਧਾਂ ਨਾਲ ਸੰਬੰਧਤ ਮਾਮਲੇ ਦਰਜ ਹਨ ਅਤੇ ਉਨ੍ਹਾਂ ਤੋਂ ਪੁੱਛਗਿੱਛ ਦੌਰਾਨ ਵਾਰਦਾਤ ਨੂੰ ਅੰਜ਼ਾਮ ਦੇਣ ਵਿੱਚ ਮਦਦ ਕਰਨ ਵਾਲੇ ਕੈਨੇਡਾ ਸਥਿਤ ਅੱਤਵਾਦੀ ਗੋਲਡੀ ਬਰਾੜ ਅਤੇ ਉਸ ਦੇ ਸਾਥੀਆਂ ਦੇ ਨੈੱਟਵਰਕ ਵੱਲੋਂ ਰਚੀ ਗਈ ਸਾਰੀ ਸਾਜ਼ਿਸ਼ ਦਾ ਪਰਦਾ ਫਾਸ਼ ਹੋਣ ਦੀ ਆਸ ਹੈ।

ਯਾਦਵ ਨੇ ਦੱਸਿਆ ਕਿ ਅਜਿਹੀ ਇੱਕ ਹੋਰ ਸਫਲਤਾ ਦਰਜ ਕਰਦਿਆਂ ਫਰੀਦਕੋਟ ਪੁਲਸ ਨੇ ਬਲਜੀਤ ਮੰਨਾ, ਜਿਸ ਨੇ ਦੋ ਨਬਾਲਗਾਂ ਅਤੇ ਜਤਿੰਦਰ ਜੀਤੂ ਵਜੋਂ ਪਛਾਣੇ ਗਏ ਹਰਿਆਣਾ ਦੇ ਤਿੰਨ ਸ਼ੂਟਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਿਤੀ ਸੀ, ਦੇ ਦੋਸ਼ ਵਿੱਚ ਫਰੀਦਕੋਟ ਦੇ ਜੈਤੋ ਖੇਤਰ ਤੋਂ ਗ੍ਰਿਫਤਾਰ ਕੀਤਾ ਹੈ। ਹਰਿਆਣਾ ਦੇ ਤਿੰਨਾਂ ਸ਼ੂਟਰਾਂ ਨੂੰ ਕੁਝ ਦਿਨ ਪਹਿਲਾਂ ਦਿੱਲੀ ਸਪੈਸ਼ਲ ਸੈੱਲ ਨੇ ਗ੍ਰਿਫ਼ਤਾਰ ਕੀਤਾ ਸੀ।

## ਬੈਂਕ ਮੁਲਾਜ਼ਮ ਭਲਕੇ ਹੜਤਾਲ 'ਤੇ

ਨਵੀਂ ਦਿੱਲੀ : ਜਨਤਕ ਖੇਤਰ ਦੇ ਬੈਂਕਾਂ ਦਾ ਕੰਮ ਸਨਿੱਚਰਵਾਰ ਨੂੰ ਪ੍ਰਭਾਵਤ ਹੋ ਸਕਦਾ ਹੈ, ਕਿਉਂਕਿ ਆਲ ਇੰਡੀਆ ਬੈਂਕ ਇੰਪਲਾਈਜ਼ ਐਸੋਸੀਏਸ਼ਨ ਨੇ ਨੌਕਰੀਆਂ ਦੀ ਲਗਾਤਾਰ ਆਊਟਸੋਰਸਿੰਗ ਦੇ ਵਿਰੋਧ 'ਚ ਹੜਤਾਲ ਦਾ ਸੱਦਾ ਦਿੱਤਾ ਹੈ।

ਹਾਲਾਂਕਿ ਅਧਿਕਾਰੀ ਹੜਤਾਲ ਦਾ ਹਿੱਸਾ ਨਹੀਂ ਹਨ, ਪਰ ਨਕਦੀ ਜਮ੍ਹਾਂ ਕਰਨ ਅਤੇ ਕਢਵਾਉਣ, ਚੈੱਕਾਂ ਦੀ ਕਲੀਅਰਿੰਗ ਵਰਗੀਆਂ ਸੇਵਾਵਾਂ 'ਤੇ ਕੁਝ ਅਸਰ ਪੈ ਸਕਦਾ ਹੈ। ਬੈਂਕ ਆਫ ਬੜੌਦਾ ਅਤੇ ਪੰਜਾਬ ਐਂਡ ਸਿੰਧ ਬੈਂਕ ਸਮੇਤ ਕਈ ਬੈਂਕਾਂ ਨੇ ਪਹਿਲਾਂ ਹੀ ਆਪਣੇ ਗਾਹਕਾਂ ਨੂੰ 19 ਨਵੰਬਰ ਦੀ ਹੜਤਾਲ ਦੇ ਲਾਗੂ ਹੋਣ 'ਤੇ ਸੇਵਾਵਾਂ 'ਤੇ ਹੋਣ ਵਾਲੇ ਸੰਭਾਵੀ ਪ੍ਰਭਾਵ ਬਾਰੇ ਸੂਚਿਤ ਕਰ ਦਿੱਤਾ ਹੈ।

## ਆਫਤਾਬ ਦਾ ਰਿਮਾਂਡ 5 ਦਿਨ ਵਧਿਆ, ਨਾਰਕੋ ਟੈਸਟ ਹੋਵੇਗਾ

ਨਵੀਂ ਦਿੱਲੀ : ਆਪਣੀ ਲਿਵ-ਇਨ ਪਾਰਟਨਰ ਸ਼ਰਧਾ ਵਾਕਰ ਦੀ ਕਥਿਤ ਤੌਰ 'ਤੇ ਹੱਤਿਆ ਕਰਨ ਅਤੇ ਉਸ ਦੀ ਲਾਸ਼ ਦੇ 35 ਟੁਕੜੇ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਆਫਤਾਬ ਅਮੀਨ ਪੂੰਨਾਵਾਲਾ ਨੂੰ ਵੀਰਵਾਰ ਸੁਰੱਖਿਆ ਕਾਰਨਾਂ ਕਰਕੇ ਵੀਡੀਓ ਕਾਨਫਰੰਸ ਰਾਹੀਂ ਪੁਲਸ ਨੇ ਸਾਕੇਤ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਉਸ ਦਾ ਪੰਜ ਦਿਨ ਦਾ ਪੁਲਸ ਰਿਮਾਂਡ ਵਧਾ ਦਿੱਤਾ। ਇਸ ਦੌਰਾਨ ਆਫਤਾਬ ਵੱਲੋਂ ਨਾਰਕੋ ਟੈੱਸਟ ਕਰਵਾਉਣ ਲਈ ਦਿੱਤੀ ਸਹਿਮਤੀ 'ਤੇ ਅਦਾਲਤ ਨੇ ਪੁਲਸ ਨੂੰ ਟੈਸਟ ਲਈ ਹਰੀ ਝੰਡੀ ਦੇ ਦਿੱਤੀ। ਹਾਲੇ ਤੱਕ ਦਿੱਲੀ ਪੁਲਸ ਨੂੰ ਅਪਰਾਧ 'ਚ ਵਰਤੇ ਹਥਿਆਰ, ਸ਼ਰਧਾ ਦਾ ਮੋਬਾਇਲ ਫੋਨ ਅਤੇ ਅਪਰਾਧ ਕਰਨ ਵੇਲੇ ਮੁਲਜ਼ਮ ਵੱਲੋਂ ਪਹਿਨੇ ਕੱਪੜੇ ਬਰਾਮਦ ਨਹੀਂ ਹੋਏ। ਪੁਲਸ ਟੀਮਾਂ ਨੇ ਕੁੱਤਿਆਂ ਦੇ ਦਸਤੇ ਦੀ ਮਦਦ ਲਈ, ਪਰ ਸਰੀਰ ਦੇ ਅੰਗ, ਖਾਸ ਕਰਕੇ ਪੀੜਤ ਦਾ ਸਿਰ ਹਾਲੇ ਤੱਕ ਬਰਾਮਦ ਨਹੀਂ ਕੀਤਾ ਗਿਆ।

## ਟਰੰਪ ਦੇ ਫੇਸਬੁਕ ਖਾਤੇ ਦੀ ਬਹਾਲੀ ਅਜੇ ਨਹੀਂ

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਫਿਰ ਤੋਂ ਦੇਸ਼ ਦੇ ਸਰਵਉੱਚ ਅਹੁਦੇ ਦੀ ਦੌੜ 'ਚ ਹਨ, ਪਰ ਉਹ ਹਾਲੇ ਵੀ ਫੇਸਬੁੱਕ ਦੀ ਵਰਤੋਂ ਨਹੀਂ ਕਰ ਸਕਦੇ। ਫੇਸਬੁੱਕ ਨੇ ਪੁਸ਼ਟੀ ਕੀਤੀ ਕਿ ਸੋਸ਼ਲ ਮੀਡੀਆ ਪਲੇਟਫਾਰਮ ਦੀ ਟਰੰਪ ਦੇ ਖਾਤੇ ਨੂੰ ਤੁਰੰਤ ਬਹਾਲ ਕਰਨ ਦੀ ਕੋਈ ਯੋਜਨਾ ਨਹੀਂ ਹੈ। 6 ਜਨਵਰੀ 2021 ਨੂੰ ਅਮਰੀਕੀ ਸੰਸਦ ਭਵਨ 'ਤੇ ਹੋਏ ਹਮਲੇ ਤੋਂ ਬਾਅਦ ਫੇਸਬੁੱਕ ਨੇ ਟਰੰਪ ਦਾ ਖਾਤਾ ਬੰਦ ਕਰ ਦਿੱਤਾ ਸੀ।

## ਹਾਦਸੇ 'ਚ ਨੌਜਵਾਨ ਪੰਚ ਦੀ ਮੌਤ



ਲਹਿਰਾਗਾਗਾ : ਪਿੰਡ ਭੁਟਾਲ ਕਲਾਂ ਦੇ ਪੰਚ ਦੀ ਗਾਂ ਨਾਲ ਮੋਟਰਸਾਈਕਲ ਟਕਰਾਉਣ ਕਾਰਨ ਮੌਤ ਹੋ ਗਈ। ਸੋਨੀ ਸਿੰਘ (25) ਲਹਿਰਾਗਾਗਾ 'ਚ ਪ੍ਰਾਈਵੇਟ ਨੌਕਰੀ ਕਰਦਾ ਸੀ ਤੇ ਬੁੱਧਵਾਰ ਕੰਮ ਮੁਕਾਉਣ ਉਪਰੰਤ ਪਿੰਡ ਪਰਤ ਰਿਹਾ ਸੀ। ਪਿੰਡ ਦੇ ਸਰਪੰਚ ਗੁਰਵਿੰਦਰ ਸਿੰਘ ਬੱਗੜ, ਮੇਲਾ ਸਿੰਘ ਪੰਚ, ਵੀਰਪਾਲ ਕੌਰ ਪੰਚ ਤੋਂ ਇਲਾਵਾ ਹੋਰਨਾਂ ਨੇ ਦੱਸਿਆ ਕਿ ਪੀੜਤ ਪਰਵਾਰ ਕੋਲ ਜ਼ਮੀਨ ਨਹੀਂ ਹੈ ਅਤੇ ਮ੍ਰਿਤਕ ਦੇ ਸਿਰ ਦਸ ਲੱਖ ਤੋਂ ਵੱਧ ਸਰਕਾਰੀ ਅਤੇ ਗੈਰ-ਸਰਕਾਰੀ ਕਰਜ਼ਾ ਸੀ।

## ਕੇਂਦਰੀ ਮੰਤਰੀ ਦੀਆਂ ਨਜਾਇਜ਼ ਉਸਾਰੀਆਂ ਦੀ ਢਾਹ-ਢੁਹਾਈ

ਮੁੰਬਈ : ਜੁਹੂ ਇਲਾਕੇ 'ਚ ਕੇਂਦਰੀ ਮੰਤਰੀ ਨਰਾਇਣ ਰਾਣੇ ਦੇ ਬੰਗਲੇ ਵਿਚਲੀਆਂ ਨਾਜਾਇਜ਼ ਉਸਾਰੀਆਂ ਨੂੰ ਢਾਹੁਣ ਦਾ ਕੰਮ ਵੀਰਵਾਰ ਸ਼ੁਰੂ ਹੋ ਗਿਆ। ਸੁਪਰੀਮ ਕੋਰਟ ਨੇ ਸਤੰਬਰ 'ਚ ਰਾਣੇ ਦੇ ਬੰਗਲੇ 'ਅਧੀਸ' ਵਿਚ ਨਾਜਾਇਜ਼ ਉਸਾਰੀਆਂ ਨੂੰ ਢਾਹੁਣ ਲਈ ਬੀ ਐੱਮ ਸੀ ਨੂੰ ਨਿਰਦੇਸ਼ ਦੇਣ ਵਾਲੇ ਬੰਬੇ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।

## ਦਿਲਜੀਤ ਕੌਰ ਦਾ ਦੇਹਾਂਤ



ਲੁਧਿਆਣਾ : ਆਪਣੇ ਵੇਲੇ ਦੀ ਸੁਪਰ ਸਟਾਰ ਦਿਲਜੀਤ ਕੌਰ ਨੇ 69 ਸਾਲ ਦੀ ਉਮਰ ਵਿਚ ਵੀਰਵਾਰ ਸਵੇਰੇ ਗੁਰੂਸਰ ਸੁਧਾਰ ਵਿਚ ਆਪਣੇ ਭਰਾ ਹਰਜਿੰਦਰ ਸਿੰਘ ਖੰਗੂੜਾ ਦੇ ਘਰ ਆਖਰੀ ਸਾਹ ਲਿਆ। ਪੰਜਾਬੀ ਫਿਲਮਾਂ ਦੀ ਹੇਮਾ ਮਾਲਿਨੀ ਵਜੋਂ ਮਸ਼ਹੂਰ ਦਿਲਜੀਤ ਕੌਰ ਨੇ 70 ਤੋਂ ਵੱਧ ਪੰਜਾਬੀ ਅਤੇ ਦਰਜਨ ਦੇ ਕਰੀਬ ਹਿੰਦੀ ਫਿਲਮਾਂ ਵਿਚ ਅਦਾਕਾਰੀ ਕੀਤੀ। ਪਿੰਡ ਐਤੀਆਣਾ ਦੀ ਦਿਲਜੀਤ ਕੌਰ ਕਈ ਸਾਲਾਂ ਤੋਂ ਗੁੰਮਨਾਮੀ ਦੀ ਜ਼ਿੰਦਗੀ ਜੀ ਰਹੀ ਸੀ ਅਤੇ ਬਿਮਾਰ ਸੀ।

ਦਿੱਲੀ ਦੇ ਲੇਡੀ ਸ੍ਰੀ ਰਾਮ ਕਾਲਜ ਦੀ ਗ੍ਰੈਜੂਏਟ ਦਿਲਜੀਤ ਕੌਰ ਨੇ ਪੁਣੇ ਵਿਚ ਨੈਸ਼ਨਲ ਸਕੂਲ ਆਫ ਫਿਲਮ ਐਂਡ ਡਰਾਮਾ ਤੋਂ ਡਿਪਲੋਮਾ ਕੀਤਾ ਸੀ। ਉਸ ਦੀ ਪਹਿਲੀ ਫਿਲਮ 1976 ਵਿਚ 'ਦਾਜ' ਰਿਲੀਜ਼ ਹੋਈ ਸੀ। ਉਸ ਨੇ ਸੁਪਰਹਿੱਟ ਪੰਜਾਬੀ ਫਿਲਮਾਂ ਪੁੱਤ ਜੱਟਾਂ ਦੇ, ਮਾਮਲਾ ਗੜਬੜ ਹੈ, ਕੀ ਬਣੂੰ ਦੁਨੀਆ ਦਾ, ਸਰਪੰਚ ਅਤੇ ਪਟੋਲਾ 'ਚ ਹੀਰੋਇਨ ਦੀ ਭੂਮਿਕਾ ਨਿਭਾਈ। ਪਤੀ ਹਰਮਿੰਦਰ ਸਿੰਘ ਦਿਓਲ ਦੀ ਸੜਕ ਹਾਦਸੇ 'ਚ ਮੌਤ ਤੋਂ ਬਾਅਦ ਉਸ ਨੇ ਫਿਲਮਾਂ 'ਚ ਕੰਮ ਕਰਨਾ ਬੰਦ ਕਰ ਦਿੱਤਾ ਸੀ। ਉਨ੍ਹਾ ਦਾ ਕੋਈ ਬੱਚਾ ਨਹੀਂ ਸੀ। 2001 'ਚ ਉਸ ਨੇ ਫਿਲਮੀ ਦੁਨੀਆ ਵਿਚ ਵਾਪਸੀ ਕੀਤੀ ਸੀ। ਉਸ ਨੇ ਪੰਜਾਬੀ ਫਿਲਮ 'ਸਿੰਘ ਵਰਸਿਜ਼ ਕੌਰ' 'ਚ ਗਿੱਪੀ ਗਰੇਵਾਲ ਦੀ ਮਾਂ ਦਾ ਕਿਰਦਾਰ ਨਿਭਾਇਆ ਸੀ।

## ਸਰਕਾਰ ਕਿਸਾਨਾਂ ਦੀਆਂ ਲਾਲ ਐਂਟਰੀਆਂ ਖਤਮ ਕਰੇ : ਮਜੀਠੀਆ

ਚੰਡੀਗੜ੍ਹ : ਸਾਬਕਾ ਮਾਲ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀਰਵਾਰ ਮੰਗ ਕੀਤੀ ਕਿ ਸਰਕਾਰ ਹਜ਼ਾਰਾਂ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿਚ ਕੀਤੀਆਂ ਲਾਲ ਐਂਟਰੀਆਂ ਤੁਰੰਤ ਖਾਰਜ ਕਰੇ ਅਤੇ ਕਿਹਾ ਕਿ ਕਿਸਾਨ ਪਰਾਲੀ ਸਾੜਨ ਲਈ ਇਸ ਲਈ ਮਜਬੂਰ ਹੋਏ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਪਰਾਲੀ ਦੀ ਸੰਭਾਲ 'ਤੇ ਹੁੰਦੇ ਖਰਚ ਦਾ ਮੁਆਵਜ਼ਾ ਕਿਸਾਨਾਂ ਨੂੰ ਦੇਣ ਵਿਚ ਫੇਲ੍ਹ ਹੋਏ।

ਮਜੀਠੀਆ ਨੇ ਕਿਹਾ ਕਿ ਅਕਾਲੀ ਦਲ ਪਹਿਲਾਂ ਹੀ ਸੰਕਟ ਵਿਚ ਕਿਸਾਨਾਂ ਦੇ ਨਾਲ ਹੈ ਤੇ ਪਾਰਟੀ ਕਿਸਾਨਾਂ 'ਤੇ ਪਰਾਲੀ ਸਾੜਨ ਲਈ ਲਗਾਏ ਜੁਰਮਾਨੇ ਵੀ ਕਿਸੇ ਵੀ ਕੀਮਤ 'ਤੇ ਨਹੀਂ ਵਸੂਲਣ ਦੇਵੇਗੀ। ਜ਼ਮੀਨੀ ਰਿਕਾਰਡ ਵਿਚੋਂ ਲਾਲ ਐਂਟਰੀਆਂ ਖਤਮ ਨਾ ਕੀਤੀਆਂ ਗਈਆਂ ਤਾਂ ਇਸ ਵਿਰੁੱਧ ਨਿਰੰਤਰ ਮੁਹਿੰਮ ਚਲਾਈ ਜਾਵੇਗੀ। ਉਨ੍ਹਾ ਕਿਹਾ ਕਿ ਆਪ ਸਰਕਾਰ ਨੇ ਉਸੇ ਤਰ੍ਹਾਂ ਇਕ ਹੋਰ ਸੂਚੀ ਤਿਆਰ ਕਰ ਦਿੱਤੀ ਹੈ, ਜਿਵੇਂ ਕੇਂਦਰ ਸਰਕਾਰ ਨੇ ਕਾਲੀ ਸੂਚੀ ਬਣਾਈ ਸੀ। ਹੁਣ ਇਸ ਸੂਚੀ ਕਾਰਨ ਕਿਸਾਨਾਂ ਨੂੰ ਅਣਗਿਣਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ, ਕਿਉਂਕਿ ਉਹ ਨਾ ਤਾਂ ਕਰਜ਼ਾ ਲੈ ਸਕਣਗੇ ਤੇ ਨਾ ਹੀ ਆਪਣੀ ਜ਼ਮੀਨ ਗਹਿਣੇ ਰੱਖ ਸਕਣਗੇ। ਇਹ ਵਿਤਕਰਾ ਹੈ ਤੇ ਇਹ ਉਨ੍ਹਾਂ ਨੂੰ ਵੱਖ-ਵੱਖ ਸਰਕਾਰੀ ਸਕੀਮਾਂ ਦੇ ਲਾਭ ਤੋਂ ਵਾਂਝਾ ਕਰਨ ਦੀ ਸਾਜ਼ਿਸ਼ ਹੈ, ਜੋ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

### ਵਿਸ਼ੇਸ਼ ਸਪਲੀਮੈਂਟ



ਮੁੱਲਾਂਪੁਰ ਦਾਖਾ ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ ਗੁਰਮੇਲ ਮੈਲਡੇ ਨਾਲ ਮੋਬਾਇਲ 95010-03307 'ਤੇ ਸੰਪਰਕ ਕਰੋ।



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ ਸਾਲਾਨਾ 332ਵੇਂ ਜੋੜ ਮੇਲੇ ਨੂੰ ਸਮਰਪਿਤ 25 ਨਵੰਬਰ ਨੂੰ ਭਿੱਖੀਵਿੰਡ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਵਿੱਚ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨਾਲ ਮੋਬਾਇਲ 98147-70122 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਗੁਰਭਜਨ ਗਿੱਲ ਨੂੰ ਨੰਦ ਲਾਲ ਨੂਰਪੁਰੀ ਪੁਰਸਕਾਰ



ਜਲੰਧਰ : ਲੋਕ ਮੰਚ ਪੰਜਾਬ ਹਰ ਸਾਲ ਇਕ ਲੱਖ ਰੁਪਏ ਦਾ ਨੰਦ ਲਾਲ ਨੂਰਪੁਰੀ ਪੁਰਸਕਾਰ ਦੇਵੇਗਾ। ਇਹ ਐਲਾਨ ਕਰਦਿਆਂ ਮੰਚ ਦੇ ਚੇਅਰਮੈਨ ਡਾ. ਲਖਵਿੰਦਰ ਸਿੰਘ ਜੌਹਲ ਅਤੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਨੇ ਦੱਸਿਆ ਕਿ ਸਾਲ-2022 ਦਾ ਪੁਰਸਕਾਰ ਉਘੇ ਪੰਜਾਬੀ ਕਵੀ ਤੇ ਗੀਤਕਾਰ ਗੁਰਭਜਨ ਗਿੱਲ ਨੂੰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਸਾਫ-ਸੁਥਰੀ ਗੀਤਕਾਰੀ ਨੂੰ ਉਤਸ਼ਾਹਤ ਕਰਨ ਲਈ ਸ਼ੁਰੂ ਕੀਤਾ ਗਿਆ ਹੈ ਅਤੇ ਹਰ ਸਾਲ ਇਹ ਪੁਰਸਕਾਰ ਮੁੱਖ ਰੂਪ 'ਚ ਇਕ ਗੀਤਕਾਰ/ਕਵੀ ਨੂੰ ਪ੍ਰਦਾਨ ਕੀਤਾ ਜਾਵੇਗਾ। ਸੁੰਨੜ ਨੇ ਕਿਹਾ ਕਿ ਨੰਦ ਲਾਲ ਨੂਰਪੁਰੀ ਸਾਡੇ ਮਾਣਯੋਗ ਗੀਤਕਾਰ ਸਨ ਅਤੇ ਉਨ੍ਹਾ ਦੀ ਯਾਦ ਨੂੰ ਚੇਤਿਆਂ 'ਚ ਰੱਖਣਾ ਤੇ ਉਨ੍ਹਾ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈਣਾ ਸਾਡਾ ਫਰਜ਼ ਹੈ।

ਡਾ. ਜੌਹਲ ਨੇ ਕਿਹਾ ਕਿ ਗੁਰਭਜਨ ਗਿੱਲ ਇਕ ਸਮਰੱਥ ਸ਼ਾਇਰ ਦੇ ਨਾਲ-ਨਾਲ ਮੰਨੇ ਹੋਏ ਗੀਤਕਾਰ ਵੀ ਹਨ ਤੇ ਉਨ੍ਹਾ ਦੇ ਲਿਖੇ ਗੀਤ ਅਮਰਜੀਤ ਗੁਰਦਾਸਪੁਰੀ, ਹੰਸ ਰਾਜ ਹੰਸ, ਹਰਭਜਨ ਮਾਨ, ਜਸਵੀਰ ਜੱਸੀ ਤੇ ਜਗਮੋਹਨ ਕੌਰ ਨੇ ਵੀ ਰਿਕਾਰਡ ਕਰਵਾਏ।

## 'ਪੇਂਡੂ ਅਬਾਦੀ ਲਈ ਕਾਨੂੰਨੀ ਰਾਹ' ਉੱਪਰ ਗੋਸ਼ਟੀ 22 ਨੂੰ

ਜਲੰਧਰ, (ਰਾਜੇਸ਼ ਥਾਪਾ)-ਸਾਹਿਤਕ ਤੇ ਸੱਭਿਆਚਾਰਕ ਸੰਸਥਾ ਫੁਲਕਾਰੀ ਵੱਲੋਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਹੁਰਾਂ ਦੀ ਕਿਤਾਬ 'ਪੇਂਡੂ ਅਬਾਦੀ ਲਈ ਕਨੂੰਨੀ ਰਾਹ' 22 ਨਵੰਬਰ ਨੂੰ ਵਿਰਸਾ ਵਿਹਾਰ ਦੇ ਵਿਹੜੇ 'ਚ ਰਿਲੀਜ਼ ਕੀਤੀ ਜਾਵੇਗੀ। ਉਪਰੰਤ ਕਿਤਾਬ ਉੱਪਰ ਚਰਚਾ ਵੀ ਹੋਵੇਗੀ। ਸੰਸਥਾ ਦੇ ਜਨਰਲ ਸਕੱਤਰ ਮੱਖਣ ਮਾਨ ਨੇ ਦੱਸਿਆ ਕਿ ਸਮਾਗਮ ਦੁਪਹਿਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਚੱਲੇਗਾ। ਸਮਾਗਮ ਦੀ ਪ੍ਰਧਾਨਗੀ ਪ੍ਰਿੰ. ਜਸਪਾਲ ਸਿੰਘ ਰੰਧਾਵਾ, ਸਤਨਾਮ ਸਿੰਘ ਮਾਣਕ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਕਰਨਗੇ। ਇਸ ਉਪਰ ਵਿਚਾਰ-ਚਰਚਾ ਸਤਨਾਮ ਚਾਨਾ, ਮੱਖਣ ਮਾਨ, ਦੇਸ ਰਾਜ ਕਾਲੀ ਤੇ ਹੋਰ ਹਾਜ਼ਰੀਨ ਕਰਨਗੇ। ਵਰਨਣਯੋਗ ਹੈ ਕਿ ਇਹ ਪੁਸਤਕ ਪੇਂਡੂ ਲੋਕਾਂ ਦੇ ਕਨੂੰਨੀ ਗਿਆਨ 'ਚ ਵਾਧੇ ਅਤੇ ਉਹਨਾਂ ਦੀ ਹੁੰਦੀ ਖੱਜਲ-ਖੁਆਰੀ ਤੋਂ ਉਹਨਾਂ ਨੂੰ ਸੁਚੇਤ ਕਰਨ ਵਾਸਤੇ ਲਿਖੀ ਗਈ ਹੈ। ਇਹਦੇ ਸਮਾਜਕ ਸਰੋਕਾਰ ਹਨ। ਇਹ ਸ਼ੁਗਲੀ ਹੁਰਾਂ ਦੀ ਤੀਸਰੀ ਕਨੂੰਨੀ ਕਿਤਾਬ ਹੈ।

## ਰਿਆ ਸੇਨ ਰਾਹੁਲ ਦੇ ਨਾਲ ਤੁਰੀ



ਨਵੀਂ ਦਿੱਲੀ : ਭਾਰਤ ਜੋੜੋ ਯਾਤਰਾ ਵਿਚ ਵੀਰਵਾਰ ਮਹਾਰਾਸ਼ਟਰ ਦੇ ਅਕੋਲਾ ਜ਼ਿਲ੍ਹੇ ਵਿਚ ਅਦਾਕਾਰਾ ਰਿਆ ਸੇਨ ਵੀ ਰਾਹੁਲ ਗਾਂਧੀ ਦੇ ਨਾਲ ਤੁਰੀ। ਇਸ ਤੋਂ ਪਹਿਲਾਂ ਅਦਾਕਾਰਾ ਪੂਜਾ ਭੱਟ ਵੀ ਹੈਦਰਾਬਾਦ 'ਚ ਯਾਤਰਾ 'ਚ ਸ਼ਾਮਲ ਹੋਈ ਸੀ। 41 ਸਾਲਾ ਰਿਆ ਨੇ ਕਿਹਾ ਕਿ ਉਹ ਫਿਲਮੀ ਸਨਅਤ ਵੱਲੋਂ ਹੀ ਨਹੀਂ, ਸਗੋਂ ਮਾਣਮੱਤੀ ਨਾਗਰਿਕ ਵਜੋਂ ਯਾਤਰਾ ਵਿਚ ਸ਼ਾਮਲ ਹੋਈ। ਇਹ ਯਾਤਰਾ ਏਕਤਾ ਦਾ ਮੁਜ਼ਾਹਰਾ ਹੈ।

## ਅੱਜ-ਨਾਮਾ

ਦੂਸ਼ਣਬਾਜ਼ੀ ਗੁਜਰਾਤ ਵਿੱਚ ਜਾਏ ਵਧਦੀ,
ਵਧ ਰਹੀ ਦਿਨੋ ਦਿਨ ਭੰਨ ਤੇ ਤੋੜ ਮੀਆਂ।
ਬੰਦਾ ਕੱਲ੍ਹ ਸੀ ਜਿਹੜਾ ਇੱਕ ਪਾਰਟੀ ਦਾ,
ਦੂਸਰੀ ਵੰਨੀਂ ਹੈ ਕੱਟ ਗਿਆ ਮੋੜ ਮੀਆਂ।
ਆਖਿਆ ਕਿਸੇ ਦਬਾਅ ਨੇ ਮਾਰ ਲਿਆ ਈ,
ਆਖਿਆ ਕਿਸੇ ਉਹਦੀ ਨਿੱਜੀ ਲੋੜ ਮੀਆਂ।
ਕਾਰਨ ਇੱਕ ਸਮਝੋ ਜਾਂ ਕੋਈ ਦੂਸਰਾ ਵੀ,
ਆਗੂ ਨਿਕਲ ਗਿਆ ਪਾਰਟੀ ਛੋੜ ਮੀਆਂ।
ਚੋਣ-ਮੁਹਿੰਮ ਵਿੱਚ ਸਭ ਹੈ ਜਾਇਜ਼ ਏਥੇ,
ਜਿਸ ਦਾ ਦਾਅ ਲੱਗੇ, ਜਾਵੇ ਲਾਈ ਮੀਆਂ।
ਭਲਿਆਂ-ਚੰਗਿਆਂ ਦੀ ਮਾਰੀ ਸੁਰਤ ਏਥੇ,
ਕਰੇ ਆ ਕੁਰਸੀ ਨੇ ਸਭ ਸ਼ੁਦਾਈ ਮੀਆਂ।

-ਤੀਸ ਮਾਰ ਖਾਂ

## ਭਾਜਪਾ 'ਤੇ ਵੋਟਰਾਂ ਦਾ ਡਾਟਾ ਚੁਰਾਉਣ ਦਾ ਗੰਭੀਰ ਦੋਸ਼

ਬੇਂਗਲੁਰੂ : ਕਰਨਾਟਕ ਕਾਂਗਰਸ ਨੇ ਵੀਰਵਾਰ ਰਾਜ ਦੀ ਸੱਤਾਧਾਰੀ ਭਾਜਪਾ 'ਤੇ ਵੋਟਰ ਆਈ ਡੀ ਘਪਲੇ ਦਾ ਦੋਸ਼ ਲਾਉਂਦਿਆਂ ਮੁੱਖ ਮੰਤਰੀ ਬਸਵਰਾਜ ਬੋਮਈ ਦੇ ਅਸਤੀਫੇ ਦੇ ਨਾਲ-ਨਾਲ ਕਰਨਾਟਕ ਹਾਈ ਕੋਰਟ ਦੇ ਚੀਫ ਜਸਟਿਸ ਤੋਂ ਮਾਮਲੇ ਦੀ ਜਾਂਚ ਦੀ ਮੰਗ ਕੀਤੀ। ਸਾਂਝੀ ਪ੍ਰੈੱਸ ਕਾਨਫਰੰਸ 'ਚ ਪਾਰਟੀ ਦੇ ਸੂਬਾ ਇੰਚਾਰਜ ਰਣਦੀਪ ਸਿੰਘ ਸੂਰਜੇਵਾਲਾ, ਵਿਰੋਧੀ ਧਿਰ ਦੇ ਨੇਤਾ ਸਿੱਧਾਰਮਈਆ ਅਤੇ ਕਰਨਾਟਕ ਕਾਂਗਰਸ ਦੇ ਪ੍ਰਧਾਨ ਡੀ ਕੇ ਸ਼ਿਵਕੁਮਾਰ ਨੇ ਕਿਹਾ ਕਿ ਉਹ ਇਸ ਮਾਮਲੇ ਸੰਬੰਧੀ ਅਪਰਾਧਿਕ ਸ਼ਿਕਾਇਤ ਦਰਜ ਕਰਵਾਉਣਗੇ, ਕਿਉਂਕਿ ਸਰਕਾਰ ਵੋਟਰਾਂ ਦਾ ਡਾਟਾ ਚੋਰੀ ਕਰ ਰਹੀ ਹੈ। ਸੱਤਾਧਾਰੀ ਭਾਜਪਾ ਨਿੱਜੀ ਏਜੰਸੀ ਰਾਹੀਂ ਚੋਣ ਧੋਖਾਧੜੀ 'ਚ ਸ਼ਾਮਲ ਹੈ। ਮੁੱਖ ਮੰਤਰੀ ਸਣੇ ਕਈ ਅਧਿਕਾਰੀ ਇਸ 'ਚ ਸ਼ਾਮਲ ਹਨ। ਕਾਂਗਰਸ ਨੇਤਾਵਾਂ ਨੇ ਦੋਸ਼ ਲਾਇਆ ਕਿ ਰਾਜ 'ਚ ਹਜ਼ਾਰਾਂ ਭਾਜਪਾ ਵਰਕਰਾਂ ਨੂੰ ਵੋਟਰ ਸੂਚੀਆਂ 'ਚ ਹੇਰਾਫੇਰੀ ਕਰਨ ਲਈ ਲਗਾਇਆ ਗਿਆ ਹੈ।

## ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ



ਗੁਰੂਸਰ ਸੁਧਾਰ : ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਵੀਰਵਾਰ ਇਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਹਜ਼ਾਰਾਂ ਕਿਸਾਨ, ਮਜ਼ਦੂਰ, ਨੌਜਵਾਨ ਅਤੇ ਔਰਤਾਂ ਮੌਜੂਦ ਸਨ।

## ਕੋਵੈਕਸੀਨ ਘਾਲੇਮਾਲੇ ਤੋਂ ਕੇਂਦਰ ਦਾ ਇਨਕਾਰ

ਨਵੀਂ ਦਿੱਲੀ : ਕੇਂਦਰੀ ਸਿਹਤ ਮੰਤਰਾਲੇ ਨੇ ਵੀਰਵਾਰ ਉਨ੍ਹਾਂ ਮੀਡੀਆ ਰਿਪੋਰਟਾਂ ਨੂੰ ਰੱਦ ਕੀਤਾ, ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਕੋਵੈਕਸੀਨ ਨਿਰਮਾਤਾ ਭਾਰਤ ਬਾਇਓਟੈੱਕ ਨੇ ਕੋਰੋਨਾ ਰੋਕੂ ਟੀਕਾ ਲਿਆਉਣ ਲਈ ਸਿਆਸੀ ਦਬਾਅ ਕਾਰਨ ਕੁਝ ਪ੍ਰਕਿਰਿਆਵਾਂ ਨੂੰ ਛੱਡ ਦਿੱਤਾ ਅਤੇ ਕਲੀਨਿਕਲ ਟਰਾਇਲਾਂ ਨੂੰ ਤੇਜ਼ ਕੀਤਾ।

ਮੰਤਰਾਲੇ ਨੇ ਕਿਹਾ ਕਿ ਇਹ ਰਿਪੋਰਟਾਂ ਪੂਰੀ ਤਰ੍ਹਾਂ ਗੁੰਮਰਾਹਕੁੰਨ ਤੇ ਗਲਤ ਹਨ। ਮੰਤਰਾਲੇ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਰਾਸ਼ਟਰੀ ਰੈਗੂਲੇਟਰ ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀ ਡੀ ਐੱਸ ਸੀ ਓ) ਨੇ ਐਮਰਜੈਂਸੀ ਵਰਤੋਂ ਦੇ ਅਧਿਕਾਰ ਲਈ ਕੋਵਿਡ-19 ਟੀਕਿਆਂ ਨੂੰ ਮਨਜ਼ੂਰੀ ਦੇਣ ਲਈ ਵਿਗਿਆਨਕ ਪਹੁੰਚ ਅਤੇ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਕੀਤੀ ਹੈ।

18-Nov-PAGE-4.qxd 11/17/2022 10:54 PM Page 1



# ਪ੍ਰੈੱਸ ਦੀ ਅਜ਼ਾਦੀ ਦਾ ਆਖਰੀ ਚਿਰਾਗ ਬੁਝਣ ਕੰਢੇ

*ਮੋਦੀ ਸਰਕਾਰ ਨੂੰ ਕੰਡੇ ਵਾਂਗ ਚੁੱਭਦੇ ਨਵੀਂ ਦਿੱਲੀ ਟੈਲੀਵਿਜ਼ਨ ਲਿਮਟਿਡ (ਐੱਨ ਡੀ ਟੀ ਵੀ) ਉੱਤੇ ਕਬਜ਼ਾ ਕਰਨ ਤੋਂ ਮੋਦੀ ਦਾ ਮਿੱਤਰ ਅਰਬਪਤੀ ਗੌਤਮ ਅਡਾਨੀ ਸਿਰਫ਼ ਇੱਕ ਕਦਮ ਦੂਰ ਰਹਿ ਗਿਆ ਹੈ। ਸਮੁੱਚੇ ਦੇਸ਼ ਦੇ ਨਿਊਜ਼ ਚੈਨਲਾਂ ਦੇ ਮੋਦੀ ਹਕੂਮਤ ਦੀ ਸ਼ਰਨ ਵਿੱਚ ਚਲੇ ਜਾਣ ਤੋਂ ਬਾਅਦ ਬਸ ਇੱਕੋ ਐੱਨ ਡੀ ਟੀ ਵੀ ਸੀ, ਜਿਹੜਾ ਅਜ਼ਾਦ ਪੱਤਰਕਾਰਤਾ ਉੱਤੇ ਪਹਿਰਾ ਦਿੰਦਾ ਰਿਹਾ ਹੈ। ਇਸ ਦੇ ਲਈ ਐੱਨ ਡੀ ਟੀ ਵੀ ਦੇ ਮਾਲਕਾਂ ਪ੍ਰਣਾਏ ਰਾਏ ਤੇ ਉਨ੍ਹਾ ਦੀ ਪਤਨੀ ਰਾਧਿਕਾ ਰਾਏ ਨੂੰ ਹਕੂਮਤ ਦੀ ਕਰੋਪੀ ਦਾ ਵੀ ਸ਼ਿਕਾਰ ਹੋਣਾ ਪੈਂਦਾ ਰਿਹਾ ਸੀ। ਈ ਡੀ ਵਰਗੀਆਂ ਏਜੰਸੀਆਂ ਲਗਾਤਾਰ ਉਨ੍ਹਾਂ ਦੇ ਮਗਰ ਪਈਆਂ ਰਹੀਆਂ ਤੇ ਉਨ੍ਹਾਂ ਦੇ ਘਰ ਤੇ ਦਫ਼ਤਰਾਂ ਦੀ ਤਲਾਸ਼ੀ ਲੈ ਕੇ ਹਰ ਆਏ ਦਿਨ ਖੁਆਰ ਕਰਦੀਆਂ ਰਹੀਆਂ ਸਨ।*

*ਕੁਝ ਸਮਾਂ ਪਹਿਲਾਂ ਅਡਾਨੀ ਨੇ ਕੰਪਨੀ ਦੇ 29.18 ਫ਼ੀਸਦੀ ਸ਼ੇਅਰਾਂ ਉੱਤੇ ਇੱਕ ਚੋਰ-ਮੋਰੀ ਰਾਹੀਂ ਕਬਜ਼ਾ ਕਰ ਲਿਆ ਸੀ। ਉਦੋਂ ਤੋਂ ਹੀ ਇਹ ਗੱਲ ਸਾਫ਼ ਹੋ ਗਈ ਸੀ ਕਿ ਦੇਰ-ਸਵੇਰ ਐੱਨ ਡੀ ਟੀ ਵੀ ਅਡਾਨੀ ਦਾ ਹੋਣ ਵਾਲਾ ਹੈ। ਇਸ ਸਮੇਂ ਐੱਨ ਡੀ ਟੀ ਵੀ ਦੇ ਮਾਲਕ ਪ੍ਰਣਾਏ ਰਾਏ ਕੋਲ ਕੰਪਨੀ ਦੀ 15.49 ਫੀਸਦੀ ਤੇ ਉਨ੍ਹਾ ਦੀ ਪਤਨੀ ਕੋਲ 16.32 ਫ਼ੀਸਦੀ ਯਾਨੀ ਕੁੱਲ 32.24 ਫ਼ੀਸਦੀ ਹਿੱਸੇਦਾਰੀ ਹੈ।*

*ਇਸ ਚੈਨਲ ਉੱਤੇ ਕਬਜ਼ੇ ਲਈ ਅਡਾਨੀ ਗਰੁੱਪ ਨੇ ਸੇਬੀ ਨੂੰ ਦਰਖਾਸਤ ਦਿੱਤੀ ਸੀ ਕਿ ਉਨ੍ਹਾਂ ਨੂੰ ਖੁੱਲ੍ਹੀ ਪੇਸ਼ਕਸ਼ ਅਧੀਨ ਕੰਪਨੀ ਦੇ ਖੁਦਰਾ ਸ਼ੇਅਰ ਧਾਰਕਾਂ ਤੋਂ ਸ਼ੇਅਰ ਖਰੀਦਣ ਦੀ ਮਨਜ਼ੂਰੀ ਦਿੱਤੀ ਜਾਵੇ। ਇਸ ਦਰਖਾਸਤ ਉੱਤੇ ਕਾਰਵਾਈ ਕਰਦਿਆਂ ਸੇਬੀ ਨੇ ਅਡਾਨੀ ਸਮੂਹ ਨੂੰ ਖੁੱਲ੍ਹੇ ਬਜ਼ਾਰ ਵਿੱਚੋਂ ਸ਼ੇਅਰ ਖਰੀਦਣ ਦੀ ਮਨਜ਼ੂਰੀ ਦੇ ਦਿੱਤੀ ਹੈ। ਖੁੱਲ੍ਹੀ ਪੇਸ਼ਕਸ਼ ਅਧੀਨ ਅਡਾਨੀ ਗਰੁੱਪ ਨੇ ਪ੍ਰਤੀ ਸ਼ੇਅਰ ਕੀਮਤ 294 ਰੁਪਏ ਤੈਅ ਕੀਤੀ ਹੈ। ਅਡਾਨੀ ਗਰੁੱਪ ਦੀ ਖੁੱਲ੍ਹੀ ਪੇਸ਼ਕਸ਼ 22 ਨਵੰਬਰ ਤੋਂ ਸ਼ੁਰੂ ਹੋ ਕੇ 5 ਦਸੰਬਰ ਨੂੰ ਬੰਦ ਹੋ ਜਾਵੇਗੀ। ਇਸ ਤੋਂ ਪਹਿਲਾਂ ਅਡਾਨੀ ਸਮੂਹ ਦੀ ਯੋਜਨਾ ਖੁੱਲ੍ਹੀ ਪੇਸ਼ਕਸ਼ ਪਿਛਲੇ ਮਹੀਨੇ ਸ਼ੁਰੂ ਕਰਨ ਦੀ ਸੀ ਪਰ ਸੇਬੀ ਦੀ ਮਨਜ਼ੂਰੀ ਵਿੱਚ ਦੇਰੀ ਕਾਰਨ ਉਹ ਅਜਿਹਾ ਨਾ ਕਰ ਸਕਿਆ। ਇਸ ਸਮੇਂ ਖੁਦਰਾ ਸ਼ੇਅਰ ਧਾਰਕਾਂ ਕੋਲ ਕੰਪਨੀ ਦੇ 12.57 ਫ਼ੀਸਦੀ ਸ਼ੇਅਰ ਹਨ। ਕਾਰਪੋਰੇਟ ਸੰਸਥਾਵਾਂ ਕੋਲ ਕੰਪਨੀ ਦਾ 9.61 ਫ਼ੀਸਦੀ ਹਿੱਸਾ ਹੈ। ਵਿਦੇਸ਼ੀ ਨਿਵੇਸ਼ਕਾਂ ਕੋਲ 14.7 ਫੀਸਦੀ ਤੇ ਹੋਰਾਂ ਕੋਲ 1.67 ਫ਼ੀਸਦੀ ਸ਼ੇਅਰ ਹਨ।*

*ਅਡਾਨੀ ਸਮੂਹ ਵੱਲੋਂ ਖ਼ਰੀਦੀ ਗਈ ਕੰਪਨੀ ਵਿਸ਼ਵਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ ਨੇ ਅਗਸਤ ਵਿੱਚ ਏ ਐਮ ਜੀ ਮੀਡੀਆ ਨੈੱਟਵਰਕ ਤੇ ਅਡਾਨੀ ਇੰਟਰਪ੍ਰਾਈਜ਼ਜ਼ ਨਾਲ ਮਿਲ ਕੇ ਐਨ ਡੀ ਟੀ ਵੀ ਦੇ ਖੁਦਰਾ ਸ਼ੇਅਰ ਧਾਰਕਾਂ ਕੋਲੋਂ 26 ਫ਼ੀਸਦੀ ਸ਼ੇਅਰ, ਜੋ 1.67 ਕਰੋੜ ਬਣਦੇ ਹਨ, 294 ਰੁਪਏ ਪ੍ਰਤੀ ਸ਼ੇਅਰ ਦੀ ਦਰ ਉੱਤੇ 492.81 ਕਰੋੜ ਵਿੱਚ ਖਰੀਦਣ ਦੀ ਖੁੱਲ੍ਹੀ ਪੇਸ਼ਕਸ਼ ਦਾ ਪ੍ਰਸਤਾਵ ਰੱਖਿਆ ਸੀ। ਸੇਬੀ ਦੀ ਵੈੱਬਸਾਈਟ ਮੁਤਾਬਕ ਕਿਹਾ ਗਿਆ ਹੈ ਕਿ ਉਸ ਨੇ 7 ਨਵੰਬਰ ਨੂੰ ਪ੍ਰਸਤਾਵਿਤ 492.81 ਕਰੋੜ ਦੀ ਖੁੱਲ੍ਹੀ ਪੇਸ਼ਕਸ਼ ਨੂੰ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਇਸ ਖੁੱਲ੍ਹੀ ਬੋਲੀ ਰਾਹੀਂ ਅਗਰ ਅਡਾਨੀ ਸਮੂਹ 26 ਫ਼ੀਸਦੀ ਸ਼ੇਅਰ ਖਰੀਦ ਲੈਂਦਾ ਹੈ ਤਾਂ ਉਸ ਕੋਲ ਕੰਪਨੀ ਦੀ 55 ਫ਼ੀਸਦੀ ਤੋਂ ਵੱਧ ਦੀ ਹਿੱਸੇਦਾਰੀ ਹੋ ਜਾਵੇਗੀ। ਇਸ ਦਾ ਮਤਲਬ ਹੈ ਕਿ ਕੰਪਨੀ ਦੇ ਮਾਲਕ ਪ੍ਰਣਾਏ ਗਏ ਤੇ ਰਾਧਿਕਾ ਰਾਏ ਦੀ ਥਾਂ ਗੌਤਮ ਅਡਾਨੀ ਹੋ ਜਾਣਗੇ। ਪ੍ਰਣਾਏ ਰਾਏ ਤੇ ਰਾਧਿਕਾ ਰਾਏ ਨੇ ਇਸ ਖੁੱਲ੍ਹੀ ਬੋਲੀ ਦਾ ਵਿਰੋਧ ਕੀਤਾ ਹੈ, ਪਰ ਜਦੋਂ ਹਕੂਮਤ ਅਡਾਨੀ ਨਾਲ ਖੜ੍ਹੀ ਹੈ ਤਾਂ ਇਸ ਵਿਰੋਧ ਦੀ ਕੋਈ ਕੀਮਤ ਨਹੀਂ ਰਹਿੰਦੀ। ਇਸ ਖੁੱਲ੍ਹੀ ਪੇਸ਼ਕਸ਼ ਦੀ ਸਫ਼ਲਤਾ ਦੇ ਨਾਲ ਹੀ ਸਾਡੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਪ੍ਰੈੱਸ ਦੀ ਅਜ਼ਾਦੀ ਲਈ ਰਾਹ ਦਿਖਾਉਂਦਾ ਆਖਰੀ ਚਿਰਾਗ ਵੀ ਬੁਝ ਜਾਵੇਗਾ।*

**-ਚੰਦ ਫਤਿਹਪੁਰੀ**

## ਫੁਕਰਿਆਂ ਤੋਂ ਬਚ ਕੇ

*ਅੱਗਾ-ਪਿੱਛਾ ਇਨ੍ਹਾਂ ਦਾ ਪਛਾਣ ਲਈਏ ਦੋਸਤੋ ਜੀ,*  
*'ਮਾਲਕਾਂ' ਦੀ ਸ਼ਹਿ 'ਤੇ ਜੋ ਬੱਦਲ ਵਾਂਗ ਗੱਜਦੇ।*  
*ਮੂੰਹ-ਜ਼ੋਰ ਫੁਕਰੇ ਇਹ ਪਾੜੇ ਪਾਈ ਜਾਣ ਜਿਹੜੇ,*  
*ਸ਼ਾਂਤੀ ਤੇ ਪਿਆਰ ਸਹਿਜ ਨਾਲ ਰਹੀਏ ਕੱਜਦੇ।*  
*ਫੁੱਟੀ ਅੱਖ ਭਾਵੇ ਨਾ ਅਮਨ ਲੂਤੀ ਲਾਉਣਿਆਂ ਨੂੰ,*  
*ਜਾਨ ਲੈ ਬੇਦੋਸ਼ਿਆਂ ਦੀ 'ਦੈਂਤ' ਨਹੀਉਂ ਰੱਜਦੇ।*  
*ਮਾਰੂ ਤੇ ਕਮੀਨੀਆਂ ਸਿਆਸਤਾਂ ਦੇ ਮੋਹਰੇ ਬਣ,*  
*ਮੌਤ ਵਾਲਾ ਤਾਂਡਵ ਨਚਾਉਣਾ ਨਹੀਂ ਤੱਜਦੇ।*  
*ਹੋਊਗਾ ਭਵਿੱਖ ਚੰਗਾ ਹੋ ਕੇ ਜੇ ਇਕੱਠੇ ਆਪਾਂ,*  
*ਲਈਏ ਜੀ ਸੁਧਾਰ ਜੋ ਹਾਲਾਤ ਮਾੜੇ ਅੱਜ ਦੇ।*  
*ਪਾਣੀ ਪਾ ਅਕਲ ਵਾਲਾ ਭਾਂਬੜ ਬੁਝਾਈਏ ਯਾਰੋ,*  
*ਅੱਗ ਲਾ ਕੇ 'ਡੱਬੂ' ਤਾਂ ਨਿਆਈਆਂ ਵੱਲ ਭੱਜਦੇ।*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# ਗੋਦੀ ਮੀਡੀਆ ਦਾ ਪੁਰਾਣੀ ਪੈਨਸ਼ਨ ਬਹਾਲੀ ਦੇ ਵਿਰੋਧ ਦਾ ਅਸਲ ਕਾਰਨ




ਪ੍ਰਭਜੀਤ ਸਿੰਘ ਰਸੂਲਪੁਰ

ਭਾਰਤ ਦੇ ਚਾਰ ਰਾਜਾਂ ਰਾਜਸਥਾਨ, ਛਤੀਸਗੜ੍ਹ, ਝਾਰਖੰਡ ਅਤੇ ਪੰਜਾਬ ਦੀਆਂ ਸਰਕਾਰਾਂ ਦਾ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਫੈਸਲਾ ਨਾ ਤਾਂ ਅਨੈਤਿਕ ਹੈ ਅਤੇ ਨਾ ਹੀ ਇਸ ਨਾਲ ਅਰਥਤੰਤਰ ਡਗਮਗਾਉਣ ਦੀ ਨੌਬਤ ਆਵੇਗੀ। ਇਹ ਦੋ ਖਦਸ਼ੇ ਕੁਝ ਪ੍ਰਕਾਸ਼ਨ ਸਮੂਹ ਦੇ ਰਾਸ਼ਟਰੀ ਅਤੇ ਖੇਤਰੀ ਐਡੀਸ਼ਨਾਂ 'ਚ ਖੇਤਰੀ ਸੰਪਾਦਕਾਂ ਅਤੇ ਕੁਝ ਕਾਰਪੋਰੇਟ ਪੱਖੀ ਵਿਦਵਾਨਾਂ ਵੱਲੋਂ ਪ੍ਰਗਟਾਏ ਜਾ ਰਹੇ ਹਨ, ਨਿਰਮੂਲ ਹੀ ਨਹੀਂ ਹਨ, ਸਗੋਂ ਗੁੰਮਰਾਹਕੁੰਨ ਵੀ ਹਨ। ਦਰਅਸਲ ਨਵੀਂ ਪੈਨਸ਼ਨ ਰੱਦ ਕਰਕੇ ਪੁਰਾਣੀ ਪੈਨਸ਼ਨ ਬਹਾਲ ਕਰਨਾ ਕੋਈ ਆਮ ਪ੍ਰਸ਼ਾਸਨਿਕ ਫੈਸਲਾ ਜਾਂ ਕੋਈ ਛੋਟਾ ਮੋਟਾ ਮੁਲਾਜ਼ਮਾਂ ਨਾਲ ਸੰਬੰਧਤ ਫੈਸਲਾ ਨਹੀਂ, ਸਗੋਂ ਇਹ ਦੇਸ਼ ਵਿਚ ਜਨਤਕ ਖੇਤਰ ਨੂੰ ਨਿੱਜੀ ਖੇਤਰ ਬਣਾਉਣ ਦੀ ਮੰਜ਼ਿਲ ਤੱਕ ਪਹੁੰਚਣ ਲਈ ਇੱਕ ਪੌੜੀ ਵਜੋਂ ਵਰਤੇ ਜਾਣ ਵਾਲੇ ਕਦਮ "ਪਹਿਲਾਂ ਪੈਨਸ਼ਨ ਦਾ ਨਿਜੀਕਰਨ ਫਿਰ ਸੇਵਾਵਾਂ ਦਾ ਨਿੱਜੀਕਰਨ" ਨੂੰ ਤੋੜਨ ਦੇ ਬਰਾਬਰ ਹੈ। ਯਾਦ ਰਹੇ ਕਿ ਪੈਨਸਨ ਦਾ ਨਿੱਜੀਕਰਨ ਉਹਨਾਂ ਕੜੀਆਂ ਦੀ ਅਗਲੀ ਕੜੀ ਹੈ, ਜਿਹੜੀ ਬੈਂਕਾਂ ਦੇ ਨਿੱਜੀਕਰਨ, ਬੀਮਾ ਸੈਕਟਰ ਦਾ ਨਿੱਜੀਕਰਨ ਅਤੇ ਕਦਮ ਦਰ ਕਦਮ ਹੋਏ ਹੋਰ ਨਿੱਜੀਕਰਨ ਨਾਲ ਜੁੜਦੀ ਹੈ, ਹੋਇਆ ਹੈ। 1992 ਤੋਂ 2003 ਤੱਕ ਦਾ ਇਕ ਦਹਾਕਾ ਨਿੱਜੀਕਰਨ ਦੀ ਨੀਂਹ ਤਿਆਰ ਕਰਨ ਵਾਲਾ ਸੀ। ਇਸ ਲਈ ਪੁਰਾਣੀ ਪੈਨਸ਼ਨ ਬਹਾਲ ਕਰਨਾ ਕਾਰਪੋਰੇਟ ਘਰਾਣਿਆਂ ਨੂੰ ਮਨਜ਼ੂਰ ਨਹੀਂ ਹੋਵੇਗਾ। ਇਹਨਾਂ ਘਰਾਣਿਆਂ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਚਲਾਏ ਜਾਣ ਵਾਲੇ ਅਖਬਾਰ ਕਦੇ ਸਟੇਟ ਬੈਂਕ ਆਫ ਇੰਡੀਆ, ਕਦੇ ਰਾਜੀਵ ਕੁਮਾਰ ਦੀਆਂ ਸਟੋਰੀਆਂ, ਕਦੇ ਇਹਨਾਂ ਦੇ ਚਹੇਤੇ ਅਰਵਿੰਦ ਪਾਨਗੜੀਆ ਦੇ ਲੇਖ ਛਾਪ ਰਿਹਾ ਹੈ। ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਜੋ ਰਾਸ਼ਟਰੀ ਪੁਰਾਣੀ ਪੈਨਸ਼ਨ ਬਹਾਲੀ ਫਰੰਟ ਦਾ ਮਹੱਤਵਪੂਰਨ ਅੰਗ ਹੈ, ਦਾ ਪੱਖ ਹੈ ਕਿ ਪੁਰਾਣੀ ਪੈਨਸ਼ਨ ਬਹਾਲੀ ਕਰਨ ਨਾਲ ਸਰਕਾਰ ਦੇ ਖਜ਼ਾਨੇ 'ਚ ਹਜ਼ਾਰਾਂ ਕਰੋੜ ਰੁਪਏ ਆਉਣੇ ਹਨ ਅਤੇ ਹਜ਼ਾਰਾਂ ਕਰੋੜ ਰੁਪਏ ਪ੍ਰਤੀ ਮਹੀਨਾ ਖਜ਼ਾਨੇ 'ਚੋਂ ਨਿਕਲਣਾ ਬਚਣਾ ਹੈ। ਇਸ ਪੈਸੇ ਨੂੰ ਬਚਾਉਣ ਲਈ ਹੀ ਕਾਰਪੋਰੇਟ ਜਗਤ ਝੂਠਾ-ਮੂਠਾ ਰੌਲਾ ਪਾ ਰਿਹਾ ਹੈ।

**ਪੁਰਾਣੀ ਪੈਨਸ਼ਨ ਦਾ ਸੰਵਿਧਾਨਕ ਪੱਖ** -ਡੀ ਐੱਸ ਨਕਾਰਾ ਬਨਾਮ ਭਾਰਤ ਸਰਕਾਰ ਕੇਸ 'ਚ ਸੁਪਰੀਮ ਕੋਰਟ ਨੇ ਜਿਹੜਾ ਫੈਸਲਾ ਦਿਤਾ ਸੀ, ਉਸ ਨੇ ਪੰਜਾਹ ਲੱਖ ਲੋਕਾਂ ਨੂੰ ਸਮਾਜਿਕ ਸੁਰੱਖਿਆ ਦਿਵਾਈ ਸੀ ਅਤੇ ਦੁਨੀਆ ਦਾ ਸਭ ਤੋਂ ਵੱਧ ਲੋਕਾਂ ਨੂੰ ਫਾਇਦਾ ਪਹੁੰਚਾਉਣ ਵਾਲਾ ਫੈਸਲਾ ਹੋਣ ਕਰਕੇ ਉਸ ਦਾ ਨਾਂਅ ਗਿੰਨੀਜ਼ ਬੁੱਕ ਆਫ ਰਿਕਾਰਡ ਵਿਚ ਦਰਜ ਹੋਇਆ ਸੀ, ਉਸ 'ਚ ਕਿਹਾ ਗਿਆ ਸੀ ਕਿ ਪੈਨਸ਼ਨ ਕੋਈ ਬਖਸ਼ੀਸ਼ ਜਾਂ ਭੀਖ ਨਹੀਂ, ਸਗੋਂ ਕਰਮਚਾਰੀਆਂ ਦੀਆਂ ਉਮਰ ਭਰ ਨਿਭਾਈਆਂ ਸੇਵਾਵਾਂ ਦਾ ਫਲ ਹੈ। ਇਸ ਫੈਸਲੇ ਨੂੰ ਭਾਰਤੀ ਕਰਮਚਾਰੀਆਂ ਦਾ ਮੈਗਨਾ ਕਾਰਟਾ ਵੀ ਕਿਹਾ ਜਾਂਦਾ ਹੈ। ਸਰਕਾਰ ਇਸ ਫੈਸਲੇ ਦੇ ਹੀ ਉਲਟ ਨਹੀਂ ਗਈ ਸੀ, ਬਲਕਿ ਸੰਵਿਧਾਨ ਦੇ ਆਰਟੀਕਲ 21, 38, 38-(1), 38-(2) ਅਤੇ 41 ਦੀ ਵੀ ਉਲੰਘਣਾ ਕੀਤੀ ਹੈ।

**ਕਲਿਆਣਕਾਰੀ ਰਾਜ 'ਚ ਕਰਮਚਾਰੀਆਂ ਦੀ ਸਮਾਜਕ ਸੁਰੱਖਿਆ ਦਾ ਪੱਖ**-ਦੇਸ਼ ਨੂੰ ਕਰਮਚਾਰੀ ਹੀ ਚਲਾਉਂਦੇ ਹਨ, ਕਰਮਚਾਰੀ ਹੀ ਸਰਕਾਰ ਹਨ। ਜੇਕਰ ਸਰਕਾਰ ਦੇ ਅਹਿਮ ਅੰਗ ਤੇ ਪੈਨਸ਼ਨ ਸਹੂਲਤਾਂ ਮਿਲਣ ਤਾਂ ਉਪਰੋਕਤ ਵਿਦਵਾਨਾਂ ਮੁਤਾਬਕ ਇਹ ਅਨੈਤਿਕ ਹੋ ਜਾਂਦਾ ਹੈ ਪਰ ਕਾਰਪੋਰੇਟ ਘਰਾਣਿਆਂ ਨੂੰ ਹਜ਼ਾਰਾਂ ਕਰੋੜਾਂ ਦੇ ਕਰਜ਼ੇ ਮੁਆਫ ਕਰਨੇ ਨੈਤਿਕਤਾ ਹੈ ਜਾਂ ਅਨੈਤਿਕ, ਇਹ ਵਿਚਾਰ ਨਹੀਂ ਕਰਦੇ। ਹੋਰਨਾਂ ਦੇਸ਼ਾਂ 'ਚ ਪੈਨਸ਼ਨ ਖਰਚ ਕਿੰਨਾ ਹੁੰਦਾ, ਇਹ ਵੀ ਦੇਖਿਆ ਜਾਵੇ। ਭਾਰਤ 'ਚ ਦੇਸ਼ ਦੀ ਕੁੱਲ ਜੀ ਡੀ ਪੀ ਦਾ 1.7% ਹੈ। ਕੋਰੀਆ ਅਤੇ ਹਾਂਗਕਾਂਗ 'ਚ 2%, ਜਪਾਨ 9%, ਜਰਮਨੀ 12%, ਇਟਲੀ 14% ਹਿੱਸਾ ਜੀ ਡੀ ਪੀ ਦਾ ਪੈਨਸ਼ਨ 'ਤੇ ਖਰਚ ਰਿਹਾ ਹੈ। ਇੰਗਲੈਂਡ 'ਚ ਨੈਸ਼ਨਲ ਇਨਕਮ ਦਾ 10% ਪੈਨਸ਼ਨਰ ਭਲਾਈ ਲਈ ਵਰਤਿਆ ਜਾਂਦਾ ਹੈ।

ਅੱਜ ਦੇ ਅਖਬਾਰ 'ਚ ਛਪੀਆਂ ਦੋਵੇਂ ਸਟੋਰੀਆਂ 'ਚ ਤਕਰੀਬਨ ਦੋ ਲੱਖ ਕਰਮਚਾਰੀਆਂ ਦੀ ਸਮਾਜਿਕ ਸੁਰੱਖਿਆ ਦਾ ਖਤਮ ਹੋਣਾ ਬਿਆਨ ਨਹੀਂ ਕੀਤਾ। ਇਸ ਦੀ ਘਾਟ ਸਾਨੂੰ ਸਤਾਉਂਦੀ ਹੈ। ਨਵੀਂ ਪੈਨਸ਼ਨ ਸਕੀਮ ਵਿਚ ਨਾ ਤਾਂ ਸਾਨੂੰ ਸਾਡਾ ਜਮ੍ਹਾਂ ਫੰਡ ਹੀ ਪੂਰਾ ਵਾਪਸ ਮੁੜਦਾ ਹੈ, ਨਾ ਹੀ ਸਾਨੂੰ ਕੋਈ ਗੁਜ਼ਾਰੇ ਜੋਗੀ ਬੱਝਵੀਂ ਪੈਨਸ਼ਨ ਮਿਲਦੀ ਹੈ। ਇਹ ਮਾਰੂ ਸਕੀਮ ਸਾਡੇ ਲਈ ਹੀ ਮਾਰੂ ਨਹੀਂ, ਸਗੋਂ ਪੰਜਾਬ ਰਾਜ ਅਤੇ ਸਰਕਾਰ ਲਈ ਵੀ ਬਹੁਤ ਮਾਰੂ ਹੈ, ਕਿਉਂਕਿ ਇਸ ਸਕੀਮ ਨਾਲ ਸਰਕਾਰ ਦਾ ਹਜ਼ਾਰਾਂ ਕਰੋੜ ਰੁਪਈਆ ਕਾਰਪੋਰੇਟ ਘਰਾਣਿਆਂ ਦੀਆਂ ਤਿਜੌਰੀਆਂ 'ਚ ਜਾ ਰਿਹਾ ਹੈ ਅਤੇ ਰਾਜ ਸਰਕਾਰਾਂ ਆਨੇ ਆਨੇ ਨੂੰ ਤਰਸਦੀਆਂ ਘਾਟੇ ਚ ਜਾ ਰਹੀਆਂ ਹਨ, ਪਰ ਕਾਰਪੋਰੇਟ ਅਦਾਰੇ (ਮੁਲਾਜ਼ਮਾਂ ਦੀ ਮੁਢਲੀ ਤਨਖਾਹ ਦਾ 10% ਅਤੇ ਮੁਲਾਜ਼ਮਾਂ ਦੀ ਮੁਢਲੀ ਤਨਖਾਹ ਦਾ 14% ਸਰਕਾਰ ਦਾ ਹਿੱਸਾ ਜੋੜ ਕੇ ਭਾਵ) ਮੁਲਾਜ਼ਮਾਂ ਦੀ ਬੇਸਿਕ ਪੇ ਦਾ 24% ਹਿੱਸਾ ਆਪ ਸ਼ੇਅਰ ਬਾਜ਼ਾਰ 'ਚ ਨਿਵੇਸ਼ ਕਰ ਰਹੇ ਹਨ।




ਪੁਰਾਣੀ ਪੈਨਸ਼ਨ ਸਕੀਮ ਅਧੀਨ ਕਰਮਚਾਰੀਆਂ ਦਾ ਜੀ ਪੀ ਐੱਫ ਫੰਡ ਸਰਕਾਰ ਦੇ ਖਜ਼ਾਨੇ 'ਚ ਜਾਂਦਾ ਸੀ, ਜਿਸ ਨੂੰ ਸਰਕਾਰ 25 ਤੋਂ 30 ਸਾਲ ਵਰਤਦੀ ਸੀ। 31 ਮਾਰਚ 2021 ਤੱਕ ਪੰਜਾਬ ਸਰਕਾਰ ਦਾ ਲੱਗਭੱਗ 14000 ਕਰੋੜ ਰੁਪਏ ਕਾਰਪੋਰੇਟ ਜਗਤ ਕੋਲ ਜਾ ਚੁੱਕੇ ਹਨ ਅਤੇ 2800 ਕਰੋੜ ਰੁਪਏ ਸਾਲਾਨਾ ਜਾ ਰਹੇ ਹਨ। ਪੰਜਾਬ ਸਰਕਾਰ ਦੇ ਲਏ ਪੈਨਸ਼ਨ ਬਹਾਲੀ ਦੇ ਫੈਸਲੇ ਲਾਗੂ ਹੋਣ ਨਾਲ ਪ੍ਰਾਈਵੇਟ ਕੰਪਨੀਆਂ ਕੋਲ ਜਾਣ ਵਾਲਾ ਪੈਸਾ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚ ਆਉਣਾ ਸ਼ੁਰੂ ਹੋ ਜਾਵੇਗਾ। ਇਸ ਦੇ ਨਾਲ ਲੋਕ ਭਲਾਈ ਪ੍ਰੋਗਰਾਮ ਅਤੇ ਹੋਰ ਵਿਕਾਸ ਸਕੀਮਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ। ਉਹਨਾਂ ਕਰਮਚਾਰੀਆਂ ਲਈ ਜੋ 01/01/2004 ਨੂੰ ਜਾਂ ਇਸ ਤੋਂ ਬਾਅਦ ਭਰਤੀ ਕੀਤੇ ਗਏ ਸਨ। 22/09/2022 ਨੂੰ ਹੋਈ ਨੈਸ਼ਨਲ ਕੌਂਸਲ ਜੇ ਸੀ ਐੱਮ ਦੀ ਪਿਛਲੀ ਸਥਾਈ ਕਮੇਟੀ ਦੀ ਮੀਟਿੰਗ ਵਿੱਚ ਸਟਾਫ ਪੱਖ ਨੇ ਸਰਕਾਰ ਨੂੰ ਵਾਪਸ ਲੈਣ ਅਤੇ ਪੁਰਾਣੀ ਪੈਨਸਨ ਸਕੀਮ ਨੂੰ ਬਹਾਲ ਕਰਨ ਦੀ ਬੇਨਤੀ ਕੀਤੀ ਹੈ। ਇਹ ਵੀ ਤੱਥ ਕਿ ਚਾਰ ਰਾਜ ਸਰਕਾਰਾਂ ਪਹਿਲਾਂ ਹੀ ਐੱਨ ਪੀ ਐੱਸ ਵਾਪਸ ਲੈ ਚੁੱਕੀਆਂ ਹਨ ਅਤੇ ਆਪਣੇ ਕਰਮਚਾਰੀਆਂ 'ਤੇ ਪੁਰਾਣੀ ਪੈਨਸ਼ਨ ਬਹਾਲੀ ਕਰ ਦਿੱਤੀ ਹੈ।

ਪਿਛਲੇ ਮਹੀਨੇ ਛਤੀਸਗੜ੍ਹ, ਰਾਜਸਥਾਨ ਅਤੇ ਝਾਰਖੰਡ ਦੀਆਂ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਦੇ ਸਮੇਂ ਇਸ ਸਕੀਮ ਨੂੰ ਵਿੱਤੀ ਸੰਕਟ ਨਾਲ ਜੂਝ ਰਹੇ ਰਾਜਾਂ ਲਈ ਸੰਜੀਵਨੀ ਬੂਟੀ ਆਖਿਆ ਹੈ। ਉਨ੍ਹਾ ਨੇ ਅਖਬਾਰਾਂ 'ਚ ਪੂਰੇ ਪੰਨੇ ਦੇ ਇਸ਼ਤਿਹਾਰਾ ਦੇ ਕੇ ਪੁਰਾਣੀ ਪੈਨਸ਼ਨ ਸਕੀਮ ਦੇ ਲਾਭ ਅਤੇ ਨਵੀਂ ਪੈਨਸ਼ਨ ਸਕੀਮ ਦੇ ਨੁਕਸਾਨ ਦੱਸੇ ਸਨ।

ਰਾਜਸਥਾਨ ਸਰਕਾਰ ਨੇ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈੱਲਪਮੈਂਟ ਅਥਾਰਟੀ ਤੋਂ ਆਪਣੇ ਰਾਜ ਦਾ ਪੈਨਸ਼ਨ ਫੰਡ ਵਜੋਂ ਗਿਆ 39000 ਕਰੋੜ, ਝਾਰਖੰਡ ਨੇ 19000 ਕਰੋੜ ਅਤੇ ਛਤੀਸਗੜ੍ਹ ਨੇ 17000 ਕਰੋੜ ਵਾਪਸ ਮੰਗ ਲਿਆ ਹੈ। ਇਸ ਤਰ੍ਹਾਂ ਇਹਨਾਂ ਰਾਜਾਂ ਦੇ ਕਰੋੜਾਂ ਰੁਪਏ ਵਾਪਸ ਇਹਨਾਂ ਰਾਜਾਂ ਦੇ ਖਜ਼ਾਨਿਆਂ 'ਚ ਆਉਣ ਨਾਲ ਰਾਜਾਂ 'ਚ ਲੋਕ ਭਲਾਈ ਸਕੀਮਾਂ ਦੀ ਹਨੇਰੀ ਆਉਣ ਦੀ ਪੂਰੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ। ਜੇ ਨਵੀਂ ਪੈਨਸਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਹੋਣ ਨਾਲ ਪੰਜਾਬ ਦੇ ਪੌਣੇ ਦੋ ਲੱਖ ਤੋਂ ਵੱਧ ਅਤੇ ਭਾਰਤ ਦੇ ਕਰੋੜਾਂ ਕਰਮਚਾਰੀਆਂ ਦੀ ਸਮਾਜਿਕ ਸੁਰੱਖਿਆ ਅਤੇ ਬੁਢਾਪੇ ਦੀ ਡੰਗੋਰੀ ਉਹਨਾਂ ਦੇ ਸਪੁਰਦ ਹੋਵੇਗੀ ਅਤੇ ਨਾਲ ਹੀ ਸਰਕਾਰਾਂ ਦੀ ਪੰਜਾਬ 'ਚ ਹੀ ਨਹੀਂ, ਪੂਰੇ ਭਾਰਤ 'ਚ ਵਿਕਾਸ ਅਤੇ ਇਨਕਲਾਬੀ ਸੁਧਾਰਾਂ ਵਾਲੀ ਜ਼ਿੰਮੇਵਾਰੀ ਵੀ ਪੂਰੀ ਹੋ ਸਕਦੀ ਹੈ। ਕੇਂਦਰ ਤੇ ਰਾਜ ਸਰਕਾਰਾਂ ਆਪਣੀਆਂ ਲੋੜਾਂ ਅਤੇ ਫਰਜ਼ਾਂ ਵੱਲ ਵੇਖਣ, ਨਾ ਕਿ ਮੀਡੀਆ ਦੇ ਇਕ ਹਿੱਸੇ ਦੇ ਪ੍ਰਚਾਰ ਮਗਰ ਲੱਗਣ।

***# ਸੰਪਰਕ : 98780-23768***

# ਪੰਜਾਬ 'ਚ ਫਿਰਕਾਪ੍ਰਸਤ ਤਾਕਤਾਂ ਨਾਲ ਕਰੜੇ ਹੱਥੀਂ ਨਿਪਟਣਾ ਲਾਜ਼ਮੀ



ਸੁਰਜੀਤ ਸਿੰਘ

ਪੰਜਾਬ ਨੇ ਪੂਰਾ ਇੱਕ ਦਹਾਕਾ ਫਿਰਕਾਪ੍ਰਸਤੀ ਦਾ ਸੰਤਾਪ ਹੰਢਾਇਆ ਹੈ। ਇਸ ਦੌਰਾਨ ਪੰਜਾਬ ਦੇ ਜਨ ਅਤੇ ਧੰਨ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਜਿੱਥੇ ਫਿਰਕਾਪ੍ਰਸਤ ਤਾਕਤਾਂ ਨੇ ਧਰਮ ਦੀ ਆੜ ਹੇਠ ਨੌਜਵਾਨਾਂ ਨੂੰ ਅੱਤਵਾਦ ਦੀ ਅੱਗ ਵਿਚ ਝੋਕਿਆ, ਉੱਥੇ ਸਟੇਟ ਨੇ ਵੀ ਆਪਣੀਆਂ ਮਨਆਈਆਂ ਕਰਦੇ ਹੋਏ ਲੋਕਾਂ 'ਤੇ ਪੂਰਾ ਜ਼ੁਲਮ ਅਤੇ ਜਬਰ ਢਾਇਆ। ਜਿੱਥੇ ਬਹੁਤ ਸਾਰੇ ਬੇਕਸੂਰ ਲੋਕ ਅੱਤਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ, ਉੱਥੇ ਬਹੁਤ ਸਾਰੇ ਬੇਦੋਸ਼ੇ ਨੌਜਵਾਨ ਵੀ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰੇ ਗਏ। ਜਿਹਨਾਂ ਦੇ ਮਾਪੇ ਅੱਜ ਵੀ ਉਹਨਾਂ ਦੇ ਵਿਛੋੜੇ ਦਾ ਸੰਤਾਪ ਭੋਗ ਰਹੇ ਹਨ ਅਤੇ ਪੁਲਸ ਅਧਿਕਾਰੀ ਅਦਾਲਤਾਂ ਵਿਚ ਆਪਣੀ ਕਰਨੀ ਦਾ ਫਲ ਭੋਗ ਰਹੇ ਹਨ। ਜਦੋਂ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਦੇ ਗਲਿਆਰਿਆਂ ਵਿਚ ਪੈਰ ਜਮਾਏ ਹਨ, ਉਦੋਂ ਤੋਂ ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਚੱਲ ਰਹੇ। ਪਹਿਲਵਾਨ ਨੰਗਲ ਅੰਬੀਆਂ, ਸਿੱਧੂ ਮੂਸੇਵਾਲਾ, ਸੁਧੀਰ ਸੂਰੀ ਅਤੇ ਹੁਣ ਕੋਟਕਪੂਰਾ ਵਿਚ ਬੇਅਦਬੀ ਦੇ ਦੋਸ਼ੀ ਕੋਟਕਪੂਰਾ ਦੇ ਨਿਰੰਕਾਰੀ ਪਰਦੀਪ ਸਿੰਘ ਦਾ ਕਤਲ ਪੰਜਾਬ ਦੀ ਸੁਰੱਖਿਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜੇ ਕਰਦਾ ਹੈ। ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਦੇ ਦਿਨ-ਦਿਹਾੜੇ ਹੋਏ ਕਤਲ ਤੋਂ ਬਾਅਦ ਹਿੰਦੂ ਫਿਰਕੇ ਦੇ ਕੱਟੜਵਾਦੀ ਲੋਕਾਂ ਵਿਚ ਜਿੱਥੇ ਸਹਿਮ ਪੈਦਾ ਹੋਇਆ, ਉੱਥੇ ਨਫਰਤੀ ਬਿਆਨਬਾਜ਼ੀ ਵੀ ਸ਼ੁਰੂ ਹੋਈ। ਕਈ ਆਪੂ ਬਣੇ ਆਗੂਆਂ ਨੇ ਤਾਂ ਜਜ਼ਬਾਤ ਵਿਚ ਆ ਕੇ ਅਜਿਹੇ ਬਿਆਨ ਪ੍ਰੈੱਸ ਵਿਚ ਦਿੱਤੇ ਕਿ ਉਹਨਾਂ ਸਾਰੀਆਂ ਸੀਮਾਵਾਂ ਲੰਘ ਦਿੱਤੀਆਂ। ਚੰਗੀ ਗੱਲ ਇਹ ਰਹੀ ਕਿ ਬਹੁ-ਗਿਣਤੀ ਹਿੰਦੂ ਲੋਕਾਂ ਅਤੇ ਸੰਗਠਨਾਂ ਨੇ ਇਹਨਾਂ ਬਿਆਨਾਂ ਦਾ ਕੋਈ ਨੋਟਿਸ ਨਹੀਂ ਲਿਆ। ਇਸ ਤੋਂ ਵੀ ਜ਼ਿਕਰਯੋਗ ਗੱਲ ਇਹ ਹੋਈ ਕਿ ਅਜਿਹੇ ਲੋਕਾਂ ਨੂੰ ਸੰਗਠਨ ਤੋਂ ਬਾਹਰ ਵੀ ਕਰ ਦਿੱਤਾ ਗਿਆ। ਕੁੱਝ ਨੌਜਵਾਨਾਂ ਨੇ ਜਜ਼ਬਾਤ ਵਿਚ ਆ ਕੇ ਇੱਕ ਫਿਰਕੇ ਦੇ ਖਿਲਾਫ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਅਤੇ ਮੁੜ ਮੁਆਫੀ ਵੀ ਮੰਗੀ। ਉੱਧਰ ਪੁਲਸ ਵੱਲੋਂ ਇਹਨਾਂ ਚਰਮਪੰਥੀ ਤਾਕਤਾਂ ਨੂੰ ਸਰਕਾਰ ਵੱਲੋਂ ਬੁਲਟ ਪਰੂਫ ਜੈਕਟਾਂ ਅਤੇ ਸੁਰੱਖਿਆ ਦੇ ਕੇ ਨਫਰਤੀ ਬਿਆਨਬਾਜ਼ੀ ਕਰਨ ਦਾ ਹੋਰ ਲਾਈਸੈਂਸ ਦੇ ਦਿੱਤਾ। ਇਸ ਗੱਲ ਤੋਂ ਸਿੱਖ ਕੱਟੜਵਾਦੀ ਸੰਗਠਨ ਖਫਾ ਹਨ ਅਤੇ ਉਹ ਵੀ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ। ਉਹ ਵੀ ਵਧ-ਚੜ੍ਹ ਕੇ ਅਜਿਹੇ ਲੋਕਾਂ ਨੂੰ ਸਬਕ ਸਿਖਾਉਣ ਲਈ ਇੱਕ-ਦੂਜੇ ਤੋਂ ਅੱਗੇ ਹਨ। ਖੁਸ਼ੀ ਦੀ ਗੱਲ ਇਹ ਵੀ ਹੈ ਕਿ ਜ਼ਿਆਦਾਤਰ ਸਿੱਖ ਸੰਗਠਨ ਹਿੰਦੂ-ਸਿੱਖ ਏਕਤਾ ਦੀ ਭਾਈਚਾਰਕ ਸਾਂਝ ਦੇ ਹੱਕ ਵਿਚ ਹੀ ਖੜ੍ਹਦੇ ਹਨ। ਫਿਰਕਾਪ੍ਰਸਤੀ ਦੀ ਆੜ ਵਿਚ ਆਪਣੀਆਂ ਰੋਟੀਆਂ ਸੇਕਣ ਅਤੇ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਲਈ ਅੰਮ੍ਰਿਤਪਾਲ ਸਿੰਘ, ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵਰਗੇ ਲੋਕ ਵੀ ਅਜਿਹੇ ਮਾਹੌਲ ਤੋਂ ਲਾਹਾ ਖੱਟਣ ਲਈ ਇਸ ਮੌਕੇ ਨੂੰ ਅਜਾਈਂ ਨਹੀਂ ਜਾਣ ਦਿੰਦੇ। ਅੰਮ੍ਰਿਤਪਾਲ ਸਿੰਘ ਵਰਗੇ ਨੌਜਵਾਨ ਆਗੂਆਂ ਨੇ ਅੱਤਵਾਦ ਦਾ ਸੰਤਾਪ ਆਪਣੇ ਪਿੰਡੇ 'ਤੇ ਨਹੀਂ ਹੰਢਾਇਆ, ਇਸ ਲਈ ਉਹਨਾਂ ਨੂੰ ਨਹੀਂ ਪਤਾ ਕਿ ਉਹ ਸਮਾਂ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਈ ਕਿੰਨਾ ਕੁ ਭਿਆਨਕ ਸੀ। ਆਮ ਆਦਮੀ ਪਾਰਟੀ ਦੇ ਰਾਜ ਵਿਚ ਪੰਜਾਬ ਦੀ ਵਿਗੜ ਰਹੀ ਅਮਨ ਕਾਨੂੰਨ ਦੀ ਹਾਲਤ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਚਿੰਤਾ ਜ਼ਹਿਰ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਹਾਲਾਤ ਠੀਕ ਨਹੀਂ ਹਨ। ਉਹਨਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਦੀ ਸਰਕਾਰ ਮਿਲ ਕੇ ਵਿਗੜ ਰਹੇ ਹਾਲਾਤ 'ਤੇ ਕਾਬੂ ਪਾਉਣਗੇ। ਸਿਆਸੀ ਸਥਿਰਤਾ ਲਈ ਫਿਰਕਾਪ੍ਰਸਤੀ ਇੱਕ ਟੂਲ ਬਣ ਗਿਆ ਹੈ। ਫਿਰਕਾਪ੍ਰਸਤੀ ਦੀ ਅੱਗ ਵਿਚ ਉਹ ਲੋਕਾਂ ਨੂੰ ਬਾਲਣ ਸਮਝ ਕੇ ਚੱਲਦੇ ਹਨ। ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਅ ਕੇ ਉਹ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਸਿਆਸੀ ਲੋਕ ਚੋਣਾਂ ਜਿੱਤਣ ਲਈ ਗਿਰਾਵਟ ਦੀ ਹੱਦ ਤੱਕ ਜਾਂਦੇ ਹਨ। ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕਾਂਡ ਇਸੇ ਸਾਜ਼ਿਸ਼ ਦਾ ਹਿੱਸਾ ਹਨ। ਉਸ ਵੇਲੇ ਵੀ ਕੁੱਝ ਲੀਡਰਾਂ 'ਤੇ ਇਹ ਇਲਜ਼ਾਮ ਲੱਗੇ ਕਿ ਉਹਨਾਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਖਾਤਰ ਇਸ ਘਿਨੌਣੀ ਹਰਕਤ ਨੂੰ ਅੰਜਾਮ ਦਿੱਤਾ। ਇਸ ਵਾਰਦਾਤ ਨੇ ਸਿੱਖ ਫਿਰਕੇ ਦੇ ਹਿਰਦੇ ਅਜਿਹੇ ਵਲੂੰਧਰੇ ਕਿ ਚਿਰਾਂ ਤੱਕ ਉਹਨਾਂ ਦੇ ਜਖਮ ਰਿਸਦੇ ਰਹਿਣਗੇ। ਉਹ ਇਨਸਾਫ ਦੀ ਉਡੀਕ ਵਿਚ ਹਨ, ਪਰ ਅਜੇ ਤੱਕ ਉਹਨਾਂ ਨੂੰ ਇਨਸਾਫ ਨਹੀਂ ਮਿਲਿਆ। ਅਕਾਲੀ, ਕਾਂਗਰਸ ਆਏ ਅਤੇ ਗਏ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਵੀ ਇਨਸਾਫ ਦੀ ਕੋਈ ਉਮੀਦ ਨਹੀਂ ਬੱਝ ਰਹੀ। ਲਿਹਾਜ਼ਾ ਨਾਨਕ ਨਾਮਲੇਵਾ ਲੋਕ ਭਾਵੇਂ ਉਹ ਹਿੰਦੋਸਤਾਨ ਵਿਚ ਹਨ ਜਾਂ ਵਿਦੇਸ਼ਾਂ ਵਿਚ, ਉਹਨਾਂ ਦਾ ਗੁੱਸਾ ਵਧ ਹੀ ਰਿਹਾ ਹੈ। ਖੁਸ਼ਕਿਸਮਤੀ ਦੀ ਗੱਲ ਇਹ ਹੈ ਕਿ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨੂੰ ਭੰਗ ਕਰਨ ਦੀਆਂ ਸਾਰੀਆਂ ਸਾਜ਼ਿਸ਼ਾਂ ਇਥੋਂ ਦੇ ਬਾਸ਼ਿੰਦਿਆਂ ਨੇ ਨਾਕਾਮ ਕਰ ਦਿੱਤੀਆਂ। ਸਾਲ 1984 ਵਿਚ ਜਦੋਂ ਪੰਜਾਬ ਵਿਚ ਅੱਤਵਾਦ ਸਿਖ਼ਰਾਂ 'ਤੇ ਸੀ, ਪ੍ਰਧਾਨ ਮੰਤਰੀ ਇੰਦਰਾ ਗਾਧੀ ਦੇ ਕਤਲ ਦੀ ਕੀਮਤ ਦਿੱਲੀ ਦੇ ਸਿੱਖਾਂ ਨੂੰ ਅਦਾ ਕਰਨੀ ਪਈ। ਉਸ ਵੇਲੇ ਵੀ ਫਿਰਕਾਪ੍ਰਸਤ ਤਾਕਤਾਂ ਨੇ ਪੰਜਾਬ ਵਿਚ ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਹਿੰਦੂ ਫਿਰਕੇ ਨੂੰ ਇਹ ਡਰ ਸਤਾਉਣ ਲੱਗਾ ਕਿ ਹੁਣ ਦਿੱਲੀ ਦੀ ਪ੍ਰਤੀਕਿਰਿਆ ਪੰਜਾਬ ਵਿਚ ਹੋਵੇਗੀ, ਪਰ ਪੰਜਾਬ ਵਿਚ ਇੱਕ ਵੀ ਹਿੰਦੂ-ਸਿੱਖ ਦੰਗਾ ਨਹੀਂ ਹੋਇਆ। ਪੰਜਾਬ ਦੇ ਹਿੰਦੂ-ਸਿੱਖ ਦਿੱਲੀ ਦੀ ਪ੍ਰਤੀਕਿਰਿਆ ਵਿਚ ਸੜਕਾਂ 'ਤੇ ਨਿਕਲ ਕੇ ਆਪਸ ਵਿਚ ਲੜਨ ਲਈ ਨਹੀਂ ਆਏ। ਉਹਨਾਂ ਸਮਿਆਂ ਵਿਚ ਖੱਬੇ ਪੱਖੀ ਸੋਚ ਵਾਲੀਆਂ ਪਾਰਟੀਆਂ ਨੇ ਹਿੰਦੂ-ਸਿੱਖ ਏਕਤਾ ਨੂੰ ਬਰਕਰਾਰ ਰੱਖਣ ਲਈ ਬਹੁਤ ਹੀ ਉਸਾਰੂ ਰੋਲ ਅਦਾ ਕੀਤਾ। ਖੱਬੇ ਪੱਖੀ ਤਾਕਤਾਂ ਨੇ ਉਸ ਵੇਲੇ 'ਅੱਤਵਾਦ ਵੱਖਵਾਦ ਮੁਰਦਾਬਾਦ ਅਤੇ 'ਹਿੰਦੂ-ਸਿੱਖ ਨੂੰ ਲੜਨ ਨ੍ਹੀ ਦੇਣਾ, ਸੰਨ ਸੰਤਾਲੀ ਬਣਨ ਨ੍ਹੀ ਦੇਣਾ' ਵਰਗੇ ਲੋਕ ਲੁਭਾਊ ਨਾਅਰੇ ਜਨਤਕ ਕੀਤੇ। ਉਸ ਸਮੇਂ ਜਦੋਂ ਪੰਜਾਬ ਦੇ ਜ਼ਿਆਦਾਤਰ ਅਖਬਾਰ ਚਰਮ ਪੰਥੀਆਂ ਦੇ ਹੁਕਮ ਮੰਨਦੇ ਸਨ ਤਾਂ 'ਨਵਾਂ ਜ਼ਮਾਨਾ' ਅਖਬਾਰ ਹਿੰਦੂ-ਸਿੱਖ ਏਕਤਾ ਦਾ ਅਲੰਬਰਦਾਰ ਬਣ ਕੇ ਨਿੱਤਰਿਆ। ਪੰਜਾਬ ਵਿਚ ਮੁੱਢ-ਕਦੀਮ ਤੋਂ ਸਿਆਸੀ ਪਾਰਟੀਆਂ ਦਾ ਇਹ ਅਕੀਦਾ ਹੀ ਰਿਹਾ ਹੈ ਕਿ ਉਹਨਾਂ ਨੂੰ ਲੋਕਾਂ ਦਾ ਲਹੂ ਸਸਤਾ ਹੀ ਲਗਦਾ ਰਿਹਾ ਹੈ। 80ਵੀਆਂ ਦੇ ਦਹਾਕੇ ਦੇ ਅੱਤਵਾਦ ਦਾ ਮੁੱਢ ਬੰਨ੍ਹਣ ਦੀਆਂ ਤੋਹਮਤਾਂ ਉਸ ਵੇਲੇ ਦੀ ਕਾਂਗਰਸੀ ਹਕੂਮਤ 'ਤੇ ਲੱਗਦੀਆਂ ਰਹੀਆਂ ਹਨ। ਇਸੇ ਤਰ੍ਹਾਂ ਅਕਾਲੀ ਦਲ ਨੇ ਵੀ ਅਜਿਹੇ ਮੌਕੇ ਵਿਅਰਥ ਨਹੀਂ ਜਾਣ ਦਿੱਤੇ। ਉਹਨਾਂ ਵੱਲੋਂ ਆਨੰਦਪੁਰ ਸਾਹਿਬ ਦੇ ਮਤੇ ਲਿਆਂਦੇ ਅਤੇ ਦੇਸ਼ ਦੇ ਸੰਵਿਧਾਨ ਦੀਆਂ ਕਾਪੀਆਂ ਨੂੰ ਅਗਨ ਭੇਂਟ ਕਰਕੇ ਪੰਜਾਬ ਦੀ ਅੱਗ ਨੂੰ ਹੋਰ ਹਵਾ ਦਿੱਤੀ। ਵੈਸੇ ਵੀ ਜਦੋਂ ਅਕਾਲੀ ਦਲ ਦੀ ਹੋਂਦ ਖਤਰੇ ਵਿਚ ਹੁੰਦੀ ਹੈ ਤਾਂ ਪ੍ਰਕਾਸ਼ ਸਿੰਘ ਬਾਦਲ ਵਰਗੇ ਸਿਆਸਤਦਾਨ 'ਪੰਥ ਨੂੰ ਖਤਰਾ' ਵਰਗੇ ਹੋਕੇ ਦੇ ਕੇ ਬਲਦੀ ਵਿਚ ਤੇਲ ਪਾਉਂਦੇ ਰਹੇ ਹਨ। ਕੁੱਝ ਵੀ ਹੋਵੇ, ਇਹਨਾਂ ਤਾਕਤਾਂ ਨੂੰ ਪੰਜਾਬ ਦੇ ਲੋਕਾਂ ਨੇ ਬੁਰੀ ਤਰ੍ਹਾਂ ਨਕਾਰਿਆ ਹੈ। ਉਮੀਦ ਹੈ ਕਿ ਮੌਜੂਦਾ ਹਾਲਾਤ ਨੂੰ ਵੀ ਪੰਜਾਬ ਦੇ ਲੋਕ ਉਸੇ ਤਰ੍ਹਾਂ ਨਕਾਰਨਗੇ, ਪਰ ਹੁਣ ਲੋੜ ਹੈ ਸਰਕਾਰ ਫੁੱਟ-ਪਾਊ ਤਾਕਤਾਂ ਭਾਵੇਂ ਉਹ ਕਿਸੇ ਵੀ ਫਿਰਕੇ ਵਿਚ ਹੋਣ, ਉਹਨਾਂ ਨਾਲ ਕਰੜੇ ਹੱਥਾਂ ਨਾਲ ਨਿਪਟਣ ਦੀ। ਜੇਕਰ ਅਜਿਹਾ ਨਾ ਹੋਇਆ ਤਾਂ ਇਸ ਬਾਰਡਰ ਸਟੇਟ ਦੇ ਅਮਨ-ਕਾਨੂੰਨ ਨੂੰ ਖਤਰਾ ਪੈਦਾ ਹੋ ਸਕਦਾ ਹੈ।

***# ਸੰਪਰਕ : 98154-61301***

# ਪੰਜਾਬ-ਹਰਿਆਣਾ ਜਲ ਸੰਕਟ ਤੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ (6)



ਜਸਪਾਲ ਜੱਸੀ

ਫਸਲਾਂ ਦੀਆਂ ਵਿਸ਼ੇਸ਼ ਕਿਸਮਾਂ ਵਿਸ਼ੇਸ਼ ਬਿਮਾਰੀਆਂ ਅਤੇ ਵਿਸ਼ੇਸ਼ ਕੀਟਾਂ ਦੇ ਹੱਲਿਆਂ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਖੇਤੀ ਰਸਾਇਣਾਂ ਦੀ ਭਾਰੀ ਵਰਤੋਂ ਦੀ ਮਜਬੂਰੀ ਬਣਾਉਂਦੀਆਂ ਹਨ। ਇਹ ਮਜਬੂਰੀ ਇਨ੍ਹਾਂ ਰਸਾਇਣਾਂ ਦੇ ਵਪਾਰੀਆਂ ਦੇ ਬੋਝੇ ਭਰਨ ਦੇ ਕੰਮ ਆਉਂਦੀਆਂ ਹਨ। ਬਿਨਾਂ ਸ਼ੱਕ ਇਨ੍ਹਾਂ ਰਸਾਇਣਾਂ ਦੀ ਵਰਤੋਂ ਜਮੀਨ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਦੀ ਹੈ, ਪਰ ਇਸ ਦਾ ਨਤੀਜਾ ਵੀ ਰਸਾਇਣਕ ਖਾਦਾਂ ਦੀ ਵਧੇਰੇ ਵਰਤੋਂ 'ਚ ਨਿਕਲਦਾ ਹੈ। ਜ਼ਮੀਨ ਹੇਠਲਾ ਪਾਣੀ ਡੀਕਣ ਅਤੇ ਜ਼ਮੀਨ ਦੀ ਸੱਤਿਆ ਚੂਸਣ ਵਾਲਾ ਖੇਤੀ ਦਾ ਇਹ ਕੋਹਲੂ ਗੇੜ ਹੀ ਪੰਜਾਬ-ਹਰਿਆਣਾ ਦੇ ਜਲ ਸੰਕਟ ਲਈ ਵੱਡੀ ਹੱਦ ਤੱਕ ਜ਼ੁੰਮੇਵਾਰ ਹੈ।

ਇਸ ਅਮਲ ਦੇ ਮਾੜੇ ਨਤੀਜੇ ਬਹੁਤ ਪਹਿਲਾਂ ਪ੍ਰਤੱਖ ਹੋਣ ਲੱਗ ਪਏ ਸਨ। ਲੁਧਿਆਣਾ ਜ਼ਿਲ੍ਹੇ ਵਿਚ 1981-82 ਤੱਕ 1970-71 ਦੇ ਮੁਕਾਬਲੇ ਉਨੇ ਹੀ ਝਾੜ ਲਈ ਖਾਦ ਦੀ ਦੁੱਗਣੀ ਵਰਤੋਂ ਦੀ ਜ਼ਰੂਰਤ ਪੈਣ ਲੱਗ ਪਈ ਸੀ। ਇਸ ਦਹਾਕੇ ਵਿਚ ਹੀ ਪੰਜਾਬ ਵਿਚ ਰਸਾਇਣਕ ਖਾਦਾਂ ਦੀ ਖਪਤ 17400 ਟਨ ਤੋਂ 812000 ਟਨਾਂ 'ਤੇ ਜਾ ਪੁੱਜੀ ਸੀ, ਪਰ ਇਹ ਤਾਂ ਆਉਂਦੇ ਸਮੇਂ ਦਾ ਟਰੇਲਰ ਹੀ ਸੀ। ਪਾਣੀ ਤਿਹਾਈਆਂ ਉੱਚੇ ਝਾੜ ਵਾਲੀਆਂ ਫਸਲ ਕਿਸਮਾਂ ਦੇ ਪਾਣੀ ਤਿਹਾਏ ਸੁਭਾਅ ਤੋਂ ਇਲਾਵਾ ਇਹ ਖਾਦਾਂ ਖੁਦ ਵੀ ਜਜ਼ਬ ਹੋਣ ਲਈ ਪਾਣੀ ਦੀ ਭਾਰੀ ਮਾਤਰਾ ਮੰਗਦੀਆਂ ਸਨ/ਹਨ।

ਇਉਂ ਖੇਤੀ ਖਪਤਾਂ ਦੇ ਮੁਨਾਫਿਆਂ ਦੀ ਮੰਡੀ ਨੂੰ ਪੰਜਾਬ ਅਤੇ ਹਰਿਆਣੇ ਦੇ ਪਾਣੀਆਂ ਨਾਲ ਬੇਦਰੇਗ ਹੋ ਕੇ ਸਿੰਜਿਆ ਗਿਆ ਹੈ। ਇਹ ਅਮਲ "ਸੁੱਕਣ ਤੱਕ ਚੂਸੋ" ਦੀ ਨੀਤੀ ਤਹਿਤ ਚਲਾਇਆ ਗਿਆ ਹੈ। ਬਦੇਸੀ ਸਾਮਰਾਜੀਆਂ, ਉਹਨਾਂ ਦੇ ਸੰਗੀ ਦੇਸੀ ਪੂੰਜੀਪਤੀਆਂ ਅਤੇ ਵੱਡੇ ਪੇਂਡੂ ਧਨਾਢਾਂ ਨੂੰ ਇਸ ਵਿਚੋਂ ਲਾਹਾ ਹੋਇਆ ਹੈ। ਪਰ ਪੰਜਾਬ ਦੇ ਖੇਤੀ ਅਰਥਚਾਰੇ ਦੀ ਤਰੱਕੀ ਦੇ ਜੜ੍ਹੀਂ ਤੇਲ ਦੇ ਦਿੱਤਾ ਗਿਆ ਹੈ।

1988 'ਚ ਭਾਰਤ ਡੋਗਰਾ ਨੇ ਹਾਲਤ ਦੀ ਗੰਭੀਰਤਾ ਸਬੰਧੀ ਲਿਖਿਆ ਸੀ: 'ਹਰਿਆਣੇ ਦੇ ਪਾਣੀ ਮਾਹਰਾਂ ਨੇ ਸਰਕਾਰ ਨੂੰ ਧਰਤੀ ਹੇਠਲੇ ਪਾਣੀ ਦੀ ਹੋਰ ਵਰਤੋਂ ਦੇ ਪਸਾਰੇ ਦੀ ਮਨਾਹੀ ਕਰਨ ਦੀ ਨਸੀਹਤ ਕੀਤੀ ਹੈ। ਉਹਨਾ ਦਾ ਕਹਿਣਾ ਹੈ ਕਿ ਅਜਿਹਾ ਕੀਤਾ ਜਾਵੇ, ਭਾਵੇਂ ਵੱਡੇ ਪੱਧਰ 'ਤੇ ਖੁਸ਼ਕ ਖੇਤੀ ਵੱਲ ਹੀ ਕਿਉਂ ਨਾ ਪਰਤਣਾ ਪਵੇ। ਇਸ ਚੇਤਾਵਨੀ ਨੇ ਹਰਿਆਣਾ ਸਰਕਾਰ ਦੀ ਖੇਤੀ ਸਿੰਜਾਈ ਯੋਜਨਾ ਨੂੰ ਹਿਲਾ ਕੇ ਰੱਖ ਦਿੱਤਾ।' 2 ਅਗਸਤ 2004 ਨੂੰ ਡਾ. ਐੱਸ. ਐੱਸ. ਜੌਹਲ ਨੇ ਦਿ ਟ੍ਰਿਬਿਊਨ 'ਚ ਪ੍ਰਕਾਸ਼ਤ ਆਪਣ ਲੇਖ 'ਚ ਸੁਝਾਅ ਦਿੱਤਾ ਸੀ ਕਿ 10 ਲੱਖ ਹੈਕਟੇਅਰ (25 ਲੱਖ ਏਕੜ) ਜ਼ਮੀਨ ਨੂੰ ਝੋਨੇ ਦੀ ਕਾਸ਼ਤ ਹੇਠੋਂ ਕੱਢ ਲੈਣ ਨਾਲ ਬਿਜਲੀ ਸੰਕਟ ਤੋਂ ਬਚਿਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ 13 ਮਿਲੀਅਨ ਏਕੜ ਫੁੱਟ ਪਾਣੀ ਦੀ ਬੱਚਤ ਹੋ ਸਕਦੀ ਹੈ। ਇਹ ਮਾਤਰਾ ਪੰਜਾਬ ਸਰਕਾਰ ਵੱਲੋਂ ਮੰਗੀ ਗਈ ਰਾਵੀ, ਬਿਆਸ ਦਰਿਆਵਾਂ 'ਚ ਪਾਣੀ ਦੀ ਕੁੱਲ ਮਾਤਰਾ (14.14 ਮਿਲੀਅਨ ਏਕੜ ਫੁੱਟ) ਦੇ ਨੇੜੇ-ਤੇੜੇ ਜਾ ਢੁਕਦੀ ਹੈ।

ਉਸ ਸਮੇਂ ਝੋਨੇ ਦੀ ਫਸਲ ਪੰਜਾਬ ਅਤੇ ਹਰਿਆਣੇ 'ਚ 30.92 ਮਿਲੀਅਨ ਏਕੜ ਫੁੱਟ ਪਾਣੀ ਦੀ ਖਪਤ ਕਰ ਰਹੀ ਸੀ। ਹਾਲਤ ਏਨੀ ਗੰਭੀਰ ਹੋ ਚੁੱਕੀ ਸੀ ਕਿ ਮਾਹਰ ਝੋਨੇ ਦੀ ਕਾਸ਼ਤ ਨੂੰ ਨਿਰਉਤਸ਼ਾਹਤ ਕਰਨ ਲਈ ਬਦਲਵੀਂ ਫਸਲ ਦੀ ਚੋਣ ਕਰਨ ਵਾਲੇ ਕਿਸਾਨਾਂ ਲਈ ਸਬਸਿਡੀ ਲਈ ਕਹਿ ਰਹੇ ਸਨ। ਹੁਣ ਇਸ ਮੰਗ ਦੇ ਨਾਲ ਕਿਸਾਨਾਂ ਵੱਲੋਂ ਬਦਲਵੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਜ਼ੋਰਦਾਰ ਮੰਗ ਵੀ ਜੁੜ ਗਈ ਹੈ।

ਪਰ ਮੁਨਾਫਾਖੋਰ ਵਿਦੇਸ਼ੀ ਅਤੇ ਦੇਸੀ ਪੂੰਜੀਪਤੀ ਕੰਪਨੀਆਂ ਦੇ ਹਿੱਤਾਂ ਨੂੰ ਪ੍ਰਣਾਈਆਂ ਅਤੇ ਸੰਸਾਰ ਬੈਂਕ ਦੀ ਚਾਕਰੀ 'ਚ ਰੁਝੀਆਂ ਸਰਕਾਰਾਂ ਨੇ ਆਪਣੀਆਂ ਨੀਤੀਆਂ ਤਬਦੀਲ ਨਾ ਕੀਤੀਆਂ। ਸਿੱਟੇ ਵਜੋਂ ਹੁਣ ਇਕੱਲੇ ਪੰਜਾਬ 'ਚ ਹੀ ਝੋਨੇ ਦੀ ਫਸਲ ਲਈ ਪਾਣੀ ਦੀ ਲੋੜ ਦਾ ਅੰਦਾਜ਼ਾ 48 ਮਿਲੀਅਨ ਏਕੜ ਫੁੱਟ 'ਤੇ ਪਹੁੰਚ ਗਿਆ ਹੈ। ਪ੍ਰੋ. ਪ੍ਰੀਤਮ ਸਿੰਘ ਗਿੱਲ ਨੇ ਇਸ ਦਾ ਜ਼ਿਕਰ ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ ਦੇ ਹਵਾਲੇ ਨਾਲ ਕੀਤਾ ਹੈ। ਇਸ ਦਾ ਮਤਲਬ ਹੈ ਕਿ ਹੁਣ ਪੰਜਾਬ ਦੇ ਸਭਨਾਂ ਦਰਿਆਵਾਂ ਦਾ ਅਤੇ ਧਰਤੀ ਹੇਠਲਾ ਪਾਣੀ ਮਿਲ ਕੇ ਵੀ ਝੋਨੇ ਦੀ ਪਿਆਸ ਬੁਝਾਉਣ ਦੇ ਸਮਰੱਥ ਨਹੀਂ ਹਨ।

ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਦਾ ਪੱਧਰ ਆਏ ਸਾਲ .49 ਮੀਟਰ ਥੱਲੇ ਜਾ ਰਿਹਾ ਹੈ। ਪੰਜਾਬ ਦੇ 138 ਬਲਾਕਾਂ 'ਚੋਂ 109 ਬਲਾਕਾਂ 'ਚ ਧਰਤੀ ਹੇਠੋਂ ਵਧਵੀਂ ਮਾਤਰਾ 'ਚ ਪਾਣੀ ਕੱਢਿਆ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਸਾਬਕਾ ਅਧਿਕਾਰੀ ਅਤੇ ਪੰਜਾਬ ਵਾਤਾਵਰਣ ਚੇਤਨਾ ਲਹਿਰ ਦੇ ਕਨਵੀਨਰ ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਇਹ ਬਲਾਕ ਤੇਜ਼ੀ ਨਾਲ ਪਾਣੀ ਦੀ ਡੂੰਘਾਈ ਦੀ 300 ਮੀਟਰ ਹੱਦ ਵੱਲ ਵਧ ਰਹੇ ਹਨ। ਇਸ ਹੱਦ 'ਤੇ ਜਾ ਕੇ ਪਾਣੀ ਨਾ ਪੀਣ ਜੋਗਾ ਰਹਿੰਦਾ ਹੈ ਅਤੇ ਨਾ ਹੀ ਸਿੰਜਾਈ ਜੋਗਾ। ਹਰਿਆਣਾ ਦੇ 128 ਬਲਾਕਾਂ 'ਚੋਂ 78 ਬਲਾਕਾਂ ਦੀ ਵੀ ਇਹੋ ਹਾਲਤ ਹੈ।

ਲਗਭਗ ਦੋ ਦਹਾਕੇ ਪਹਿਲਾਂ ਅਜਿਹੀ ਹਾਲਤ ਬਾਰੇ ਹਰਿਆਣੇ ਦੇ ਖੇਤੀਬਾੜੀ ਮੰਤਰੀ ਨੇ ਟਿੱਪਣੀ ਕੀਤੀ ਸੀ : 'ਦੋਹਾਂ ਰਾਜਾਂ ਨੂੰ ਇਕ ਹੀ ਬਿਮਾਰੀ ਚਿੰਬੜੀ ਹੋਈ ਹੈ। ਬਿਮਾਰੀ ਝੋਨੇ ਦੀ ਕਾਸ਼ਤ ਹੈ। ਪਾਣੀ ਦੀ ਥੁੜ ਤਾਂ ਲੱਛਣ ਹੈ। ਅਸੀਂ ਲੱਛਣ ਬਾਰੇ ਰੌਲਾ-ਰੱਪਾ ਪਾਉਂਦੇ ਹਾਂ। ਬਿਮਾਰੀ ਭੁੱਲ ਜਾਂਦੇ ਹਾਂ। ਲੱਛਣ ਦਾ ਇਲਾਜ ਬਿਮਾਰੀ ਦਾ ਇਲਾਜ ਨਹੀਂ ਹੈ।' (ਗਹੁ ਕਰਨ ਦੀ ਲੋੜ ਹੈ ਕਿ ਪਰਾਲੀ ਦਾ ਮਸਲਾ ਵੀ ਇਸੇ ਬਿਮਾਰੀ ਦਾ ਲੱਛਣ ਹੈ ਜਿਸਨੂੰ ਖੇਤੀਬਾੜੀ 'ਚ ਸਰਕਾਰੀ ਪੂੰਜੀ ਨਿਵੇਸ਼ ਦੀ ਤੋਟ ਹੋਰ ਗੰਭੀਰ ਬਣਾ ਰਹੀ ਹੈ।)

ਪਰ ਡੁੱਬੀ ਤਾਂ ਜੇ ਸਾਹ ਨਾ ਆਇਆ! "ਬਿਮਾਰੀ ਦੇ ਇਲਾਜ" ਲਈ ਸਿਆਸੀ ਇਰਾਦੇ ਦੀ ਜ਼ਰੂਰਤ ਹੈ। ਹਾਲਤ ਦੇ ਬਹੁਤ ਹੀ ਗੰਭੀਰ ਹੋ ਜਾਣ ਕਰਕੇ ਸਰਕਾਰਾਂ ਹੁਣ ਝੋਨੇ ਦੇ ਬਦਲ ਦੀਆਂ ਗੱਲਾਂ ਤਾਂ ਕਰਨ ਲੱਗ ਪਈਆਂ ਹਨ, ਪਰ ਬਦਲਵੀਆਂ ਫਸਲਾਂ ਨੂੰ ਉਤਸਾਹਤ ਕਰਨ ਲਈ ਉਹ ਘੱਟੋ ਘੱਟ ਸਮਰਥਨ ਮੁੱਲ ਅਤੇ ਹੋਰ ਸਬਸਿਡੀਆਂ ਦੇਣ ਲਈ ਤਿਆਰ ਨਹੀਂ ਹਨ। ਸੰਸਾਰ ਵਪਾਰ ਜਥੇਬੰਦੀ, ਸੰਸਾਰ ਬੈਂਕ ਅਤੇ ਆਈ. ਐਮ. ਐਫ. ਦੀ ਤਿੱਕੜੀ ਦੇ ਦਿਸ਼ਾ ਨਿਰਦੇਸ਼ ਅਜਿਹੇ ਕਦਮਾਂ ਦਾ ਰਾਹ ਰੋਕਦੇ ਹਨ। ਸੰਸਾਰ ਬੈਂਕ ਜਲ ਸੰਜਮੀ ਸਿੰਜਾਈ ਤਕਨੀਕਾਂ 'ਤੇ ਜ਼ੋਰ ਦੇ ਰਿਹਾ ਹੈ। ਇਸਦਾ ਮਕਸਦ ਵੀ ਜਲ ਸੰਕਟ ਦੀ ਹਾਲਤ ਦਾ ਤਕਨੀਕ ਬਰਾਮਦ ਰਾਹੀਂ ਹੋਣ ਵਾਲੇ ਮੁਨਾਫਿਆਂ ਲਈ ਲਾਹਾ ਲੈਣਾ ਹੈ।

ਪੰਜਾਬ ਅੰਦਰ ਨਹਿਰੀ ਪਾਣੀ ਰਾਹੀਂ ਸਿੰਜਿਆ ਜਾਣ ਵਾਲਾ ਖੇਤੀ ਦਾ ਰਕਬਾ ਘਟ ਰਿਹਾ ਹੈ। ਸੰਸਾਰ ਬੈਂਕ ਦੀਆਂ ਰਿਪੋਰਟਾਂ ਦੱਸਦੀਆਂ ਹਨ ਕਿ ਅਜਿਹਾ ਸਿੰਜਾਈ ਇੰਤਜ਼ਾਮਾਂ ਦੀ ਨਿੱਘਰ ਰਹੀ ਹਾਲਤ ਕਰਕੇ ਵਾਪਰ ਰਿਹਾ ਹੈ। ਨਹਿਰੀ ਤਾਣੇ-ਬਾਣੇ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਗਾਰ ਦੀ ਵਜ੍ਹਾ ਕਰਕੇ ਮਾਧੋਪੁਰ ਬੈਰਾਜ ਦੀ ਜਲ ਭੰਡਾਰ ਸਮਰੱਥਾ ਦੇ ਘਟਣ ਅਤੇ ਅਪਰਬਾਰੀ ਦੁਆਬ ਨਹਿਰੀ ਸਿਸਟਮ ਦੀ ਮੰਦੀ ਹਾਲਤ ਦੀਆਂ ਖਬਰਾਂ ਲੰਮਾ ਚਿਰ ਪਹਿਲਾਂ ਹੀ ਚਰਚਾ ਦਾ ਵਿਸ਼ਾ ਬਣ ਗਈਆਂ ਸਨ।

ਮੁਲਕ ਪੱਧਰ 'ਤੇ ਹੀ ਹਾਕਮਾਂ ਨੇ ਖੇਤੀਬਾੜੀ 'ਚ ਸਰਕਾਰੀ ਨਿਵੇਸ਼ 'ਚੋਂ ਹੱਥ ਖਿੱਚਣ ਦੀ ਦਿਸ਼ਾ ਅਖਤਿਆਰ ਕੀਤੀ ਹੋਈ ਹੈ। ਖੇਤੀਬਾੜੀ ਅੰਦਰ ਸਰਕਾਰੀ ਅਤੇ ਨਿੱਜੀ ਪੂੰਜੀ ਨਿਵੇਸ਼ ਦਾ ਅਨੁਪਾਤ 60ਵਿਆਂ 'ਚ 43:57 ਸੀ। ਸਾਲ 2005-06 ਤੱਕ ਇਹ ਅਨੁਪਾਤ 24:76 ਦੇ ਪੱਧਰ 'ਤੇ ਆ ਡਿੱਗਿਆ ਸੀ। ਖੇਤੀਬਾੜੀ 'ਚ ਸਰਕਾਰੀ ਨਿਵੇਸ਼ ਦੀ ਛੰਗਾਈ ਦੇ ਅੰਗ ਵਜੋਂ ਹੀ ਸਿੰਜਾਈ ਲਈ ਸਰਕਾਰੀ ਪੂੰਜੀ ਨਿਵੇਸ਼ 'ਚ ਗਿਰਾਵਟ ਆਉਂਦੀ ਗਈ ਹੈ। ਸਿੱਟੇ ਵਜੋਂ ਨਹਿਰਾਂ ਰਾਹੀਂ ਦਰਿਆਈ ਪਾਣੀਆਂ ਦੀ ਵਰਤੋਂ ਸੁੰਗੜੀ ਹੈ। ਧਰਤੀ ਹੇਠਲੇ ਪਾਣੀ ਦੀ ਮੁੜ-ਭਰਾਈ ਦੇ ਇੰਤਜਾਮਾਂ ਨੂੰ ਵੀ ਸਰਕਾਰੀ ਪੂੰਜੀ ਨਿਵੇਸ਼ ਦੇ ਤੋੜੇ ਦਾ ਗ੍ਰਹਿਣ ਲੱਗਿਆ ਹੋਇਆ ਹੈ।

ਦਰਿਆਈ ਪਾਣੀਆਂ ਦੀ ਵੰਡ ਦੇ ਸੁਆਲ 'ਤੇ ਵੱਖ-ਵੱਖ ਸੂਬਿਆਂ ਦੇ ਲੋਕਾਂ 'ਚ ਤਣਾਅ ਵਧਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ ਸੰਸਾਰ ਬੈਂਕ ਅਤੇ ਸਾਮਰਾਜੀ ਕੰਪਨੀਆਂ ਦੀਆਂ ਨਜ਼ਰਾਂ ਦਰਿਆਵਾਂ ਦੇ ਪਾਣੀਆਂ ਨੂੰ ਵੀ ਅਤੇ ਧਰਤੀ ਹੇਠਲੇ ਪਾਣੀ ਨੂੰ ਵੀ ਕਬਜ਼ੇ 'ਚ ਕਰਨ 'ਤੇ ਲੱਗੀਆਂ ਹੋਈਆਂ ਹਨ। ਵੱਖ-ਵੱਖ ਸੂਬਿਆਂ 'ਚ ਨਦੀਆਂ ਦਾ ਪਾਣੀ ਮੁਨਾਫਾਖੋਰ ਕੰਪਨੀਆਂ ਦੇ ਹਵਾਲੇ ਕਰਨ ਦਾ ਅਮਲ ਜਾਰੀ ਹੈ। ਧਰਤੀ ਹੇਠਲੇ ਪਾਣੀ ਸਬੰਧੀ ਸੰਸਾਰ ਬੈਂਕ ਦੇ ਨਿਰਦੇਸ਼ ਪਾਣੀ ਸਿੰਜਾਈ ਤੇ ਨਿਕਾਸੀ ਦੇ ਪ੍ਰਬੰਧਾਂ 'ਚ ਨਿੱਜੀ ਕੰਪਨੀਆਂ ਦੇ ਦਾਖਲੇ ਦਾ ਰਾਹ ਪੱਧਰਾ ਕਰਨ ਦੀ ਮੰਗ ਕਰ ਰਹੇ ਹਨ। ਨਹਿਰਾਂ-ਦਰਿਆਵਾਂ ਦੇ ਪਾਣੀ ਪ੍ਰੋਜੈਕਟ ਸਰਕਾਰੀ ਨਿੱਜੀ ਸਾਂਝੇਦਾਰੀ ਦੇ ਨਾਂਅ ਹੇਠ ਪ੍ਰਾਈਵੇਟ ਮੁਨਾਫੇਖੋਰਾਂ ਦੇ ਹਵਾਲੇ ਕਰਨ ਦਾ ਅਮਲ ਚੱਲ ਰਿਹਾ ਹੈ। 'ਭਾਰਤ ਦੀ ਜਲ ਆਰਥਕਤਾ ਨੂੰ ਉਥਲ-ਪੁਥਲ ਭਰੇ ਭਵਿੱਖ ਦਾ ਸਾਹਮਣਾ' ਸਿਰਲੇਖ ਹੇਠ ਜਾਰੀ ਕੀਤੀ ਸੰਸਾਰ ਬੈਂਕ ਦੀ ਰਿਪੋਰਟ ਕਿਸਾਨਾਂ ਨੂੰ ਆਪਣੀ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਦੇ ਹੱਕ ਤੋਂ ਮਹਿਰੂਮ ਕਰਨ ਲਈ ਕਹਿੰਦੀ ਹੈ। ਧਰਤੀ ਹੇਠਲੇ ਜਲ-ਭੰਡਾਰਾਂ ਦੀ ਵਰਤੋਂ ਸੰਬੰਧੀ ਅਧਿਕਾਰ 'ਹਿੱਸੇਦਾਰ ਪ੍ਰਬੰਧਕੀ ਕਮੇਟੀਆਂ' ਹਵਾਲੇ ਕਰਨ ਲਈ ਕਹਿੰਦੀ ਹੈ। ਇਹ ਖੇਤਾਂ ਹੇਠਲਾ ਪਾਣੀ ਹਥਿਆ ਕੇ ਇਸ ਦਾ ਵਪਾਰ ਕਰਨ ਦੀ ਤਿਆਰੀ ਹੈ। ਦਰਿਆਵਾਂ, ਨਹਿਰਾਂ ਅਤੇ ਖੇਤਾਂ ਹੇਠਲੇ ਪਾਣੀ ਦੀ ਸਿੰਚਾਈ ਲਈ ਤਰਜੀਹੀ ਵਰਤੋਂ ਦੀ ਸਫ ਵਲ੍ਹੇਟਣ ਦੀ ਤਿਆਰੀ ਹੈ। ਇਸ ਅਮਲ ਦੀ ਫੇਟ ਕਿਸਾਨੀ ਦੀਆਂ ਹੇਠੀਆਂ ਪਰਤਾਂ ਨੂੰ ਵੱਜਣੀ ਹੈ, ਕਿਉਂਕਿ ਵੱਡੀਆਂ ਜ਼ਮੀਨਾਂ ਵਾਲੀ ਪੇਂਡੂ ਅਮੀਰਸ਼ਾਹੀ ਇੱਕ ਜਾਂ ਦੂਜੇ ਢੰਗ ਨਾਲ ਪਾਣੀ ਦੀ ਮਾਲਕੀ ਅਤੇ ਵਪਾਰ 'ਚ ਹਿੱਸੇਦਾਰੀ ਦੇ ਸਮਰੱਥ ਹੋਵੇਗੀ। ਇਹ ਜਮਾਤ ਹੁਣ ਵੀ ਖੇਤੀ ਲਈ ਮੁਫਤ ਮਿਲਦੀ ਬਿਜਲੀ 'ਤੇ ਮਾਲਕੀ ਦੇ ਅਧਿਕਾਰ ਮਾਣਦੀ ਹੈ ਅਤੇ ਸਾਧਨਹੀਣ ਗਰੀਬ ਕਿਸਾਨਾਂ ਨੂੰ ਕਿਰਾਏ 'ਤੇ ਪਾਣੀ ਸਪਲਾਈ ਕਰਦੀ ਹੈ।

ਪੰਜਾਬ ਅਤੇ ਹਰਿਆਣਾ ਦੋਵੇਂ ਪਾਣੀ ਅਤੇ ਵਾਤਾਵਰਣ ਦੇ ਪਲੀਤ ਅਤੇ ਜ਼ਹਿਰੀਲਾ ਹੋਣ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਸੰਸਾਰ ਸਿਹਤ ਸੰਸਥਾ ਵੱਲੋਂ ਹਾਨੀਕਾਰਕ ਕਰਾਰ ਦਿੱਤੇ ਅਤੇ ਸਾਮਰਾਜੀ ਮੁਲਕਾਂ 'ਚ ਵਰਜਤ ਕੀਟਨਾਸ਼ਕ ਅਤੇ ਨਦੀਨਨਾਸ਼ਕ ਤਕਰੀਬਨ ਸਾਢੇ ਪੰਜ ਦਹਾਕਿਆਂ ਤੋਂ ਧੜਾਧੜ ਦਰਾਮਦ ਕੀਤੇ ਅਤੇ ਵਰਤੇ ਜਾ ਰਹੇ ਹਨ। ਨਤੀਜਿਆਂ ਪੱਖੋਂ ਇਹਨਾਂ ਦੀ ਵਰਤੋਂ ਖੇਤੀਨਾਸ਼ਕ ਅਤੇ ਸਿਹਤਨਾਸ਼ਕ ਸਾਬਤ ਹੋਈ ਹੈ। ਇਨ੍ਹਾਂ ਪਾਣੀ ਅਤੇ ਵਾਤਾਵਰਣ ਨੂੰ ਪਲੀਤ ਕਰਨ 'ਚ ਭਰਪੂਰ ਹਿੱਸਾ ਪਾਇਆ ਹੈ। ਇਸ ਤੋਂ ਇਲਾਵਾ ਵਾਤਾਵਰਣ ਅਤੇ ਪਾਣੀ ਦੇ ਪਲੀਤ ਹੋਣ 'ਚ ਸਨਅਤੀ ਕਚਰਾ ਹੋਰ ਵੀ ਵੱਡਾ ਰੋਲ ਅਦਾ ਕਰ ਰਿਹਾ ਹੈ। ਧਰਤੀ ਹੇਠਲੇ ਅਤੇ ਦਰਿਆਵਾਂ ਦੇ ਪਾਣੀਆਂ ਦੀ ਇਸ ਦੁਰਗਤ ਰਾਹੀਂ ਪਾਣੀ ਜ਼ਿੰਦਗੀ ਦੇ ਸਰੋਤ ਤੋਂ ਮਨੁੱਖੀ ਜੀਵਨ ਅਤੇ ਬਨਸਪਤੀ ਜੀਵਨ ਲਈ ਖਤਰੇ ਦੇ ਸਰੋਤ 'ਚ ਤਬਦੀਲ ਕੀਤੇ ਜਾ ਰਹੇ ਹਨ। ਪਲੀਤ ਜ਼ਹਿਰੀਲੇ ਪਾਣੀ ਤੋਂ ਖੇਤੀ ਦੀ ਰਾਖੀ ਦਾ ਮਸਲਾ ਕਿਸਾਨ ਸੰਘਰਸ਼ਾਂ ਦੇ ਏਜੰਡੇ 'ਤੇ ਆ ਚੁੱਕਿਆ ਹੈ। ਜਲ ਸੰਕਟ ਦੇ ਇਸ ਪਾਸਾਰ ਨੂੰ ਕਲਾਵੇ 'ਚ ਲਏ ਬਿਨਾਂ ਪਾਣੀਆਂ ਦੇ ਮਸਲੇ ਬਾਰੇ ਸਰੋਕਾਰ ਸੀਮਤ ਸੁੰਗੜਿਆ ਸਰੋਕਾਰ ਹੀ ਰਹਿੰਦਾ ਹੈ।

***# ਸੰਪਰਕ : 94631-67923***

# ਕੇਂਦਰ ਤੇ ਸੂਬਾ ਸਰਕਾਰ ਦੀਆਂ ਧੱਕੇਸ਼ਾਹੀਆਂ ਖਿਲਾਫ ਸੰਘਰਸ਼ ਲਈ ਇੱਕਜੁੱਟ ਹੋਣ ਦੀ ਲੋੜ : ਨਿਰਮਲ ਧਾਲੀਵਾਲ

## ਏਟਕ ਵੱਲੋਂ ਦੂਜਾ ਟਰੇਡ ਯੂਨੀਅਨ ਜਾਗ੍ਰਿਤੀ ਸਕੂਲ ਲਗਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਵੱਲੋਂ ਦੂਜਾ ਟਰੇਡ ਯੂਨੀਅਨ ਜਾਗ੍ਰਿਤੀ ਸਕੂਲ ਜਥੇਬੰਦੀ ਦੇ ਦਫਤਰ ਸਮਾਜ ਭਲਾਈ ਪਾਰਕ ਰਾਜਪੁਰਾ ਵਿਖੇ ਲਗਾਇਆ ਗਿਆ। ਇਸ ਸਕੂਲ ਵਿੱਚ ਸੈਂਕੜੇ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸਕੂਲ ਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ ਨੂੰ ਨਾਲ ਜੋੜ ਕੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਵਿਆਖਿਆ ਕੀਤੀ ਗਈ।

ਇਸ ਸਕੂਲ ਦੇ ਮੁੱਖ ਬੁਲਾਰੇ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਤੇ ਡਾਢਿਆਂ ਖਿਲਾਫ ਲੜਨ ਲਈ ਹਮੇਸ਼ਾ ਕਿਹਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਹੀ ਇਸ ਸੰਸਾਰ ਵਿੱਚ ਬਰਾਬਰਤਾ ਦੀ ਲੜਾਈ ਲੜੀ ਜਾ ਸਕਦੀ ਹੈ। ਅੱਜ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਧੱਕੇ ਖਿਲਾਫ ਟਰੇਡ ਯੂਨੀਅਨਾਂ ਨੂੰ ਅਹਿਮ ਰੋਲ ਨਿਭਾਉਣਾ ਪੈਣਾ ਹੈ। ਕੇਂਦਰ ਸਰਕਾਰ ਲਗਾਤਾਰ ਮਜ਼ਦੂਰਾਂ ਤੇ ਮੁਲਾਜ਼ਮਾਂ ਤੇ ਮਾਰੂ ਹਮਲੇ ਕਰ ਰਹੀ ਹੈ। ਇਸੇ ਤਰਜ਼ 'ਤੇ ਪੰਜਾਬ ਸਰਕਾਰ ਵੀ ਮਜ਼ਦੂਰਾਂ ਤੇ ਮੁਲਾਜ਼ਮਾਂ ਨਾਲ ਧੱਕਾ ਕਰ ਰਹੀ ਹੈ। ਇਸ ਲਈ ਸਾਨੂੰ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।

ਸੂਬੇ ਦੇ ਪ੍ਰਧਾਨ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਕਿਹਾ ਕਿ ਸਾਥੀ ਸਤਨਾਮ ਸਿੰਘ ਛਲੇੜੀ ਸਾਡਾ ਜਬਰ-ਜ਼ੁਲਮ ਨਾਲ ਲੜਨ ਵਾਲਾ ਸਾਥੀ ਸੀ। ਸਾਥੀ ਜੀ ਨੇ ਹਮੇਸ਼ਾ ਦੱਬੇ ਕੁੱਚਲੇ ਲੋਕਾਂ ਦੀ ਸੇਵਾ ਕੀਤੀ ਹੈ। ਇਸੇ ਕਰਕੇ ਜਥੇਬੰਦੀ ਹਰ ਸਾਲ ਛਲੇੜੀ ਜੀ ਨੂੰ ਯਾਦ ਕਰਦੀ ਹੈ। ਇਸ ਮੌਕੇ ਸੂਬੇ ਦੇ ਜਨਰਲ ਸਕੱਤਰ ਸਾਥੀ ਨਰਿੰਦਰ ਸੈਣੀ ਨੇ ਕਿਹਾ ਕਿ ਸਾਥੀ ਸਤਨਾਮ ਸਿੰਘ ਛਲੇੜੀ ਇੱਕ ਇਮਾਨਦਾਰ ਲੜਾਕੂ ਸਾਥੀ ਸੀ, ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਜਥੇਬੰਦੀ ਆਪਣਾ 15ਵਾਂ ਸੂਣਾਈ ਡੈਲੀਗੇਟ ਅਜਲਾਸ ਲੁਧਿਆਣਾ ਵਿਖੇ ਕਰਵਾ ਰਹੀ ਹੈ। ਸੂਬੇ ਦੇ ਡਿਪਟੀ ਜਨਰਲ ਸਕੱਤਰ ਸਾਥੀ ਸੁਰਿੰਦਰਪਾਲ ਲਹੌਰੀਆ ਨੇ ਕਿਹਾ ਕਿ ਰਾਜਪੁਰਾ ਡਵੀਜ਼ਨ ਵੱਲੋਂ ਟਰੇਡ ਯੂਨੀਅਨ ਲਈ ਸਕੂਲ ਲਗਾਉਣਾ ਇੱਕ ਸ਼ਾਨਦਾਰ ਉਪਰਾਲਾ ਹੈ। ਸੂਬਾ ਆਗੂ ਸਾਥੀ ਬਲਜੀਤ ਕੁਮਾਰ ਵੱਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ ਗਈ ਤੇ ਕਿਹਾ ਕਿ ਮਹਿਕਮੇ ਅੰਦਰ ਵੱਡੇ ਪੱਧਰ 'ਤੇ ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਰਕੇ ਹਾਦਸਿਆਂ ਵਿੱਚ ਵਾਧਾ ਹੋ ਰਿਹਾ ਹੈ। ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਤੇ ਲੋਕਾਂ ਨੂੰ ਵਧੀਆ ਸਹੂਲਤਾਂ ਦੇਣ ਲਈ ਨਵੀਂ ਭਰਤੀ ਕਰਨ ਦੀ ਲੋੜ ਹੈ। ਸਾਥੀ ਗੁਰਧਿਆਨ ਸਿੰਘ ਸਕੱਤਰ ਪੰਜਾਬ ਨੇ ਕਿਹਾ ਕਿ ਜਥੇਬੰਦਕ ਸਕੂਲ ਤੋਂ ਚੇਤੰਨ ਹੋ ਕੇ ਸਮਾਜ ਦੀ ਸੇਵਾ ਕਰਨ ਦੀ ਲੋੜ ਹੈ। ਇਸ ਮੌਕੇ ਮੁਹਾਲੀ ਤੋਂ ਸਾਥੀ ਮੋਹਨ ਸਿੰਘ ਗਿੱਲ ਸਰਕਲ ਪ੍ਰਧਾਨ, ਸਾਥੀ ਗਗਨਦੀਪ ਸਿੰਘ ਸਰਕਲ ਸਕੱਤਰ ਬਰਨਾਲਾ, ਸਾਥੀ ਅਰਸ਼ਦੀਪ ਸਿੰਘ ਸਰਕਲ ਸਕੱਤਰ ਪਟਿਆਲਾ, ਸਾਥੀ ਬਲਬੀਰ ਸਿੰਘ ਮੰਡੋਰ ਮੀਤ ਪ੍ਰਧਾਨ ਸਰਕਲ ਪਟਿਆਲਾ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਾਥੀ ਹਰਭਜਨ ਸਿੰਘ ਪਿਲਖਣੀ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਰਾਜਪੁਰਾ ਡਵੀਜ਼ਨ ਪਟਿਆਲਾ ਸਰਕਲ ਵੱਲੋਂ ਪਿਛਲੇ ਸਮੇਂ ਦੌਰਾਨ ਵਿੱਛੜੇ ਸਾਥੀ ਸਤਨਾਮ ਸਿੰਘ ਛਲੇੜੀ ਦੇ ਪਰਿਵਾਰ, ਹੋਰ ਵਿੱਛੜੇ ਆਗੂ ਸਾਥੀਆਂ ਦੇ ਪਰਿਵਾਰਾਂ, ਇਸ ਸਮਾਗਮ ਵਾਸਤੇ ਜਥੇਬੰਦੀ ਲਈ ਵਿੱਤੀ ਸਹਾਇਤਾ ਦੇਣ ਵਾਲੇ ਸਾਥੀਆਂ, ਪੰਜਾਬ ਦੇ ਪਹੁੰਚੇ ਆਗੂ ਸਾਥੀਆਂ ਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਰਾਜਪੁਰਾ ਡਵੀਜ਼ਨ ਅਧੀਨ ਸਾਰੀਆਂ ਸਬ ਡਵੀਜ਼ਨਾਂ ਦੇ ਆਗੂ, ਮੈਂਬਰ, ਰਾਜਪੁਰਾ ਡਵੀਜ਼ਨ ਦੇ ਸਰਪ੍ਰਸਤ ਸਾਥੀ ਪਰਮਜੀਤ ਸਿੰਘ ਚੌਹਾਨ, ਸਕੱਤਰ ਸਾਥੀ ਜਗਜੀਤ ਸਿੰਘ, ਮੀਤ ਪ੍ਰਧਾਨ ਸਾਥੀ ਪਵਨ ਕੁਮਾਰ, ਮੀਤ ਪ੍ਰਧਾਨ ਸਾਥੀ ਮੇਹਰਬਾਨ ਸਿੰਘ, ਸਹਾਇਕ ਸਕੱਤਰ ਸਾਥੀ ਜਗਵਿੰਦਰ ਸਿੰਘ, ਖਜ਼ਾਨਚੀ ਸਾਥੀ ਸਾਥੀ ਹਰਦੀਪ ਸਿੰਘ, ਸਲਾਹਕਾਰ ਸਾਥੀ ਜੋਰਾਵਰ ਸਿੰਘ, ਆਡੀਟਰ ਸਾਥੀ ਨਰਿੰਦਰ ਪ੍ਰਸਾਦ ਮਨੋਰੀ ਮੌਜੂਦ ਸਨ। ਅਖੀਰ ਵਿੱਚ ਸਾਥੀ ਗੁਰਦਿਆਲ ਸਿੰਘ ਬੱਬੂ ਸਰਕਲ ਪ੍ਰਧਾਨ ਪਟਿਆਲਾ ਨੇ ਰਾਜਪੁਰਾ ਡਵੀਜ਼ਨ ਸਰਕਲ ਪਟਿਆਲਾ ਵੱਲੋਂ ਪਹੁੰਚੇ ਸਾਰੇ ਆਗੂ ਸਾਥੀਆਂ ਤੇ ਮੈਂਬਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

# ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਖਿਲਾਫ ਧਰਨਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਆਊਟਸੋਰਸਡ ਤੇ ਰੈਗੂਲਰ ਮੁਲਾਜ਼ਮਾਂ ਵੱਲੋਂ ਤਨਖਾਹਾਂ ਨਾ ਮਿਲਣ ਕਾਰਨ 15 ਨਵੰਬਰ 2022 ਤੋਂ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਯੂਨੀਅਨ ਦੇ ਆਗੂਆਂ ਨਾਲ ਗੱਲਬਾਤ ਕਰਨ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹਰ ਮਹੀਨੇ ਹੀ ਤਨਖਾਹਾਂ ਧਰਨਾ ਲਗਾਉਣ 'ਤੇ ਹੀ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਾਲਾਨਾ ਦੇਖ-ਭਾਲ ਵਾਟਰ ਸਪਲਾਈ ਤੇ ਸੀਵਰੇਜ ਸਕੀਮ ਦਾ ਕੰਮ ਨਗਰ ਕੌਂਸਲਾਂ ਵੱਲੋਂ ਕਰਵਾਉਣਾ ਹੁੰਦਾ ਹੈ, ਪਰ ਕਈ ਸ਼ਹਿਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਇਹ ਕੰਮ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਮਹਿਕਮੇ ਨੂੰ ਸੌਂਪਿਆ ਹੋਇਆ ਹੈ, ਜਿਸ ਕਾਰਨ ਮਹਿਕਮੇ ਨੂੰ ਇਨਕਮ ਘੱਟ ਹੋਣ ਕਾਰਨ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਵਿੱਚ ਪ੍ਰੇਸ਼ਾਨੀ ਆ ਰਹੀ ਹੈ। ਹਰ ਮਹੀਨੇ ਨਗਰ ਕੌਂਸਲ ਵੱਲੋਂ ਇਸ ਘਾਟੇ ਨੂੰ ਪੂਰਾ ਕਰਨ ਲਈ ਲੋੜੀਂਦੀ ਰਾਸ਼ੀ ਸੀਵਰੇਜ ਬੋਰਡ ਨੂੰ ਮੁਹੱਈਆ ਕਰਵਾਈ ਜਾਂਦੀ ਹੈ, ਪਰ ਇਸ ਘਾਟੇ ਨੂੰ ਪੂਰਾ ਕਰਨ ਲਈ ਕਾਗਜ਼ੀ ਕੰਮ ਕਾਰਨ ਕਾਫੀ ਦੇਰ ਹੋ ਜਾਂਦੀ ਹੈ, ਜਿਸ ਤੋਂ ਮੁਲਾਜ਼ਮ ਵਰਗ ਨੂੰ ਆਪਣੀਆਂ ਘਰੇਲੂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਯੂਨੀਅਨ ਦੇ ਆਗੂਆਂ ਗਗਨਦੀਪ ਸਿੰਘ, ਗੁਰਮੀਤ ਸਿੰਘ, ਕਸ਼ਮੀਰ ਸਿੰਘ, ਵਿਜੇ ਕੁਮਾਰ, ਸੰਦੀਪ ਅਟਵਾਲ, ਰਜੀਵ ਕੁਮਾਰ, ਅਸ਼ੋਕ ਸੱਭਰਵਾਲ ਵੱਲੋਂ ਸਰਕਾਰ ਅੱਗੇ ਗੁਹਾਰ ਲਗਾਈ ਗਈ ਹੈ ਕਿ ਸਾਡੀਆਂ ਤਨਖਾਹਾਂ ਸਮੇਂ ਸਿਰ ਦੇਣ ਲਈ ਪੱਕਾ ਹੱਲ ਕੀਤਾ ਜਾਵੇ ਤੇ ਕੱਚੇ ਮੁਲਾਜ਼ਮਾਂ ਨੂੰ ਵੀ ਜਲਦ ਹੀ ਪੱਕਾ ਕੀਤਾ ਜਾਵੇ, ਜੋ ਕਿ ਇਨ੍ਹਾਂ ਸਕੀਮਾਂ ਉਪਰ ਕਾਫੀ ਲੰਮੇ ਸਮੇਂ ਤੋਂ ਨਾ-ਮਾਤਰ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਹਨ।

# ਆਈ ਟੀ ਆਈ ਇੰਸਟਰੱਕਟਰ ਦੀਆਂ ਮੰਗਾਂ ਨੂੰ ਲੈ ਕੇ ਯੂਨੀਅਨ ਵੱਲੋਂ 21 ਨੂੰ ਧਰਨਾ : ਕੁਲਵਿੰਦਰ ਸਿੰਘ

**ਜਲਾਲਾਬਾਦ (ਜੀਤ ਕੁਮਾਰ)**-ਆਈ.ਟੀ.ਆਈ. ਇੰਸਟਰੱਕਟਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਲਵਿੰਦਰ ਸਿੰਘ, ਜਨਰਲ ਸਕੱਤਰ ਕੁਲਵਿੰਦਰ ਸਿੰਘ ਤੇ ਸਹਾਇਕ ਸਲਾਹਕਾਰ ਜਸਵਿੰਦਰ ਸਿੰਘ ਜਲਾਲਾਬਾਦ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਈ.ਟੀ.ਆਈ. ਇੰਸਟਰੱਕਟਰ ਯੂਨੀਅਨ ਪੰਜਾਬ ਦੁਆਰਾ 21 ਨਵੰਬਰ 2022 ਨੂੰ ਤਕਨੀਕੀ ਸਿਖਲਾਈ ਵਿਭਾਗ ਦੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਧਰਨਾ ਲਾਉਣ ਦਾ ਐਲਾਨ 4 ਮੁੱਖ ਮੰਗਾਂ ਮਨਵਾਉਣ ਲਈ ਕੀਤਾ ਗਿਆ ਕਿ ਜੋ ਸਾਲਾਨਾ ਤਰੱਕੀਆਂ, ਏ.ਸੀ.ਪੀ.(ਚਾਰ ਸਾਲਾਂ), ਛੇਵਾਂ ਪੇ ਕਮਿਸ਼ਨ ਆਦਿ ਵਿੱਤੀ ਲਾਭਾਂ ਨਾਲ ਸੰਬੰਧਤ ਹਨ ਤੇ ਚੌਥੀ ਮੰਗ ਪਰਖਕਲ ਪਾਰ ਕਰ ਚੁੱਕੇ ਇੰਸਟਰੱਕਟਰ ਦਾ ਕੰਨਫਰਮੇਸ਼ਨ ਪੱਤਰ ਜਾਰੀ ਕਰਨ ਸਬੰਧੀ ਹੈ। ਉਨ੍ਹਾ ਕਿਹਾ ਕਿ ਧਰਨੇ ਦੇ ਨੋਟਿਸ ਤੋਂ ਬਾਅਦ 15 ਨਵੰਬਰ 2022 ਨੂੰ ਤਕਨੀਕੀ ਸਿਖਲਾਈ ਵਿਭਾਗ ਦੇ ਮੁੱਖ ਦਫਤਰ ਨੇ ਯੂਨੀਅਨ ਦੇ ਨੁਮਾਇਦੇ ਟੇਬਲ-ਟਾਕ ਲਈ ਅਗੇਤੀ ਮੀਟਿੰਗ ਤਹਿਤ ਚੰਡੀਗੜ੍ਹ ਬੁਲਾਏ। ਇਸ ਵਿਚਾਰ-ਚਰਚਾ 'ਚ ਲੱਗਭਗ ਇਕ ਘੰਟੇ ਦਾ ਸਮਾਂ ਲੱਗਿਆ।

ਮੀਟਿੰਗ 'ਚ ਵਿੱਤੀ ਲਾਭ ਰੋਕਣ ਸਬੰਧੀ ਮੁੱਖ ਦਫਤਰ ਦੇ ਅਧਿਕਾਰੀਆਂ ਕੋਲ ਕੋਈ ਵਾਜਬ ਜਵਾਬ ਨਹੀਂ ਸੀ। ਮੁੱਖ ਦਫਤਰ ਦੇ ਕਰਮਚਾਰੀ ਇਹ ਰਿਕਾਰਡ ਵੀ ਪੇਸ਼ ਨਹੀਂ ਕਰ ਸਕੇ ਕਿ 2015 ਭਰਤੀ ਇੰਸ: 'ਚੋਂ ਕਿੰਨੇ ਜਣਿਆਂ ਨੂੰ ਸਾਲਾਨਾ ਤਰੱਕੀ ਲੱਗ ਰਹੀ ਹੈ ਤੇ ਕਿੰਨੇ ਪੇਂਡਿੰਗ ਹਨ? ਡਾਇਰੈਕਟਰ ਸਾਹਿਬ ਵੱਲੋਂ ਵਿੱਤੀ ਲਾਭ ਦੇ ਸਬੰਧ ਵਿੱਚ ਵਿਚਾਰ ਕਰਕੇ 2 ਦਿਨ ਦੇ ਅੰਦਰ ਐਡਮਨ-1 ਤੇ ਐਡਮਨ-2 ਤੋਂ ਜਾਰੀ ਕਰਵਾਉਣ ਦਾ ਭਰੋਸਾ ਦਿੱਤਾ ਗਿਆ, ਜਿਸ ਨਾਲ 2015 ਇੰਸ: ਦੇ ਸਾਰੇ ਵਿੱਤੀ ਲਾਭ ਬਹਾਲ ਕੀਤੇ ਜਾ ਸਕਣ। ਚੌਥੀ ਮੰਗ ਜੋ ਕਿ ਕੰਫਰਮੈਸ਼ਨ ਨਾਲ ਸੰਬੰਧਤ ਹੈ, ਬਾਰੇ ਚਰਚਾ ਕਰਦੇ ਦੱਸਿਆ ਕਿ ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਨੇ ਮਈ 2017 'ਚ ਪਰਖ-ਕਾਲ ਪਾਰ ਕਰ ਚੁੱਕੇ ਇੰਸ: ਦੇ ਕੇਸ ਮੁੱਖ ਦਫਤਰ ਨੂੰ 2017 'ਚ ਹੀ ਭੇਜ ਦਿੱਤੇ ਸਨ ਤਾਂ ਅੱਜ ਸਾਢੇ 5 ਸਾਲ ਤੱਕ ਵੀ ਇਹ ਮੰਗ ਕਿਉਂ ਲਟਕਾਈ ਜਾ ਰਹੀ ਹੈ? ਇਸ ਮੁੱਦੇ 'ਤੇ ਲੀਗਲ ਓਪੀਨੀਅਨ ਦਾ ਹਵਾਲਾ ਦੇ ਕੇ ਡਾਇਰੈਕਟਰ ਸਾਹਿਬ ਵੱਲੋਂ 15-20 ਦਿਨ ਦਾ ਸਮਾਂ ਮੰਗਿਆ ਗਿਆ ਹੈ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਵਿੱਤੀ ਲਾਭਾਂ ਸਬੰਧੀ ਮੰਗ ਮੰਨਦੇ ਹੋਏ 18 ਨਵੰਬਰ 2022 ਨੂੰ ਚਿੱਠੀ/ਲੈਟਰ ਜਾਰੀ ਕਰ ਦਿੱਤੀ ਜਾਂਦੀ ਹੈ ਤਾਂ ਯੂਨੀਅਨ ਦੇ ਮੈਂਬਰਾਂ ਨੂੰ ਪੂਰਨ ਭਰੋਸਾ ਹੋ ਜਾਵੇਗਾ ਕਿ ਡਾਇਰੈਕਟਰ ਸਾਹਿਬ 2015 ਇੰਸ: ਪ੍ਰਤੀ ਅਪਣੇਪਨ ਦਾ ਭਾਵ ਰੱਖਦੇ ਹਨ ਤੇ ਅਜਿਹੀ ਚੰਗੀ ਸੋਚ ਨੂੰ ਤੇ ਉੱਚ ਅਧਿਕਾਰੀਆਂ ਦੀ ਅਪੀਲ ਨੂੰ ਧਿਆਨ ਰੱਖਦੇ ਹੋਏ 21 ਨਵੰਬਰ 2022 ਦੇ ਧਰਨੇ ਬਾਰੇ ਫੈਸਲਾ ਆਪਣੇ ਮੈਂਬਰਾਂ ਨਾਲ ਸ਼ਨੀਵਾਰ ਮੀਟਿੰਗ ਵਿੱਚ ਕੀਤਾ ਜਾਵੇਗਾ। ਚੌਥੀ ਮੰਗ ਕੰਨਫਰਮੇਸ਼ਨ ਲਈ ਵੀ ਜੇਕਰ ਵਿਭਾਗ ਵੱਲੋਂ ਸੂਚਨਾ ਇਕੱਠੀ ਕਰਕੇ 15-20 ਦਿਨ ਤੱਕ ਕੋਈ ਕਾਰਵਾਈ ਆਰੰਭੀ ਜਾਂਦੀ ਹੈ ਤਾਂ ਮੁੜ ਤੋਂ ਧਰਨੇ ਦੇ ਨੋਟਿਸ 'ਤੇ ਗੰਭੀਰਤਾ ਨਾਲ ਵਿਚਾਰ ਕਰ ਸਕਦੀ ਹੈ, ਕਿਉਂਕਿ ਸਿਰਫ 2105 ਹੀ ਨਹੀਂ ਸਗੋਂ 2007, 2010, 2013-14 ਦੇ ਭਰਤੀ ਬਹੁਤ ਸਾਰੇ ਇੰਸ: ਤੇ ਸੀਨੀਅਰ ਸਹਾਇਕ ਵੀ ਆਪਣੇ ਕੰਨਫਰਮੇਸ਼ਨ ਪੱਤਰ ਲੈਣ ਦਾ ਇੰਤਜ਼ਾਰ ਕਰ ਰਹੇ ਹਨ।

## ਕਾਤਰਾਂ

### ਹੈਰੋਇਨ ਸਮੇਤ ਨੌਜਵਾਨ ਕਾਬੂ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਮਲੋਟ ਮੌਜੂਦ ਸੀ ਤਾਂ ਸੇਮਨਾਲੇ ਦੀ ਪੱਟੜੀ 'ਤੇ ਇੱਕ ਮੋਨਾ ਨੌਜਵਾਨ ਰਮਨ ਕੁਮਾਰ ਵਾਸੀ ਹਰਜਿੰਦਰ ਨਗਰ ਮਲੋਟ ਲਿੰਕ ਸੜਕ 'ਤੇ ਚੜ੍ਹਨ ਲੱਗਾ, ਜਿਸ ਦੇ ਸੱਜੇ ਹੱਥ ਵਿੱਚ ਮੋਮੀ ਲਿਫ਼ਾਫ਼ਾ ਫੜਿਆ ਹੋਇਆ ਸੀ, ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਇੱਕਦਮ ਪਿੱਛੇ ਨੂੰ ਮੁੜਨ ਲੱਗਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਦੇ ਹੱਥ ਵਿੱਚ ਫੜੇ ਮੋਮੀ ਲਿਫ਼ਾਫ਼ੇ ਵਿੱਚੋਂ 4 ਗ੍ਰਾਮ ਹੈਰੋਇਨ ਬਰਾਮਦ ਕਰਕੇ ਉਸ ਨੂੰ ਕਾਬੂ ਕਰ ਲਿਆ ਗਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਜ਼ਖਮੀਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪਿੰਡ ਲਹਿਰਾ ਬੇਟ ਵਿਖੇ ਕਾਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਵਿਅਕਤੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮੱਖੂ ਪੁਲਸ ਨੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਤਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਲਹਿਰਾ ਬੇਟ ਨੇ ਦੱਸਿਆ ਕਿ ਉਹ ਆਪਣੇ ਮੋਟਰਸਾਈਕਲ ਡਿਸਕਵਰ 'ਤੇ ਸਵਾਰ ਹੋ ਕੇ ਰਸੂਲਪੁਰ ਫਾਟਕ ਵੱਲ ਜਾ ਰਿਹਾ ਸੀ ਤਾਂ ਮੁਲਜ਼ਮ ਮੁਖਤਿਆਰ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਵੱਡੀਆਂ ਚੱਕੀਆਂ ਨੇ ਆਪਣੀ ਕਾਰ ਤੇਜ਼ ਰਫਤਾਰ ਨਾਲ ਲਿਆ ਕੇ ਉਸ ਦੇ ਮੋਟਰਸਾਈਕਲ ਵਿੱਚ ਮਾਰੀ ਤੇ ਮੌਕੇ ਤੋਂ ਕਾਰ ਭਜਾ ਕੇ ਲੈ ਗਿਆ। ਇਸ ਹਾਦਸੇ ਵਿੱਚ ਉਹ ਜ਼ਖਮੀਂ ਹੋ ਗਿਆ ਤੇ ਮੋਟਰਸਾਈਕਲ ਨੁਕਸਾਨਿਆ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਗੁਰੂ ਹਰਿਗੋਬਿੰਦ ਸਕੂਲ ਵਿਖੇ ਬਾਲ ਮੇਲਾ ਕਰਵਾਇਆ

**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਨਾਮਵਰ ਵਿੱਦਿਅਕ ਸੰਸਥਾ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਗੋਬਿੰਦਗੜ੍ਹ-ਦੱਧਾਹੂਰ ਵਿਖੇ ਬਾਲ ਦਿਵਸ ਨੂੰ ਸਮਰਪਤ ਬਾਲ ਮੇਲਾ ਪ੍ਰਿੰਸੀਪਲ ਮੈਡਮ ਪ੍ਰਿਤਪਾਲ ਕੌਰ ਦੀ ਅਗਵਾਈ ਹੇਠ ਸਕੂਲ ਦੇ ਵਿਹੜੇ 'ਚ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ 'ਚ ਗਿੱਧਾ, ਸੋਲੋ ਡਾਂਸ, ਕੋਰਿਓਗ੍ਰਾਫੀਆਂ, ਐਕਸ਼ਨ ਸੌਂਗ ਤੇ ਧਾਰਮਿਕ ਗੀਤ ਪੇਸ਼ ਕੀਤੇ ਗਏ। ਸੰਸਥਾ ਦੇ ਡਾਇਰੈਕਟਰ ਮਨਜੀਤ ਸਿੰਘ, ਪ੍ਰਿੰਸੀਪਲ ਪ੍ਰਿਤਪਾਲ ਕੌਰ ਨੇ ਵਿਦਿਆਰਥੀਆਂ ਨੂੰ ਵਧੇਰੇ ਲਗਨ ਮਿਹਨਤ ਨਾਲ ਮੱਲਾਂ ਮਾਰਨ ਲਈ ਉਤਸ਼ਾਹਤ ਕੀਤਾ। ਇਸ ਸਮੇਂ ਵੱਖ ਵੱਖ ਮੁਕਾਬਲੇ ਦੇ ਜੇਤੂਆਂ ਨੂੰ ਇਨਾਮਾਂ ਦੀ ਵੰਡ ਸਮੂਹ ਸਟਾਫ ਮੈਂਬਰਾਂ ਵੱਲੋਂ ਕੀਤੀ ਗਈ।

### ਅੰਗਰੇਜ਼ੀ ਕਵਿਤਾ ਉਚਾਰਨ ਮੁਕਾਬਲੇ 'ਚ ਚੱਕ ਸੈਦੋਕੇ ਸਕੂਲ ਨੂੰ ਤੀਜਾ ਸਥਾਨ

**ਜਲਾਲਾਬਾਦ, (ਜੀਤ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਨੇ ਜ਼ਿਲ੍ਹਾ ਪੱਧਰੀ ਅੰਗਰੇਜ਼ੀ ਕਵਿਤਾ ਉਚਾਰਨ ਮੁਕਾਬਲੇ 'ਚ ਤੀਸਰਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਰਾਣੀ ਨੇ ਦੱਸਿਆ ਕਿ 12ਵੀਂ ਜਮਾਤ ਦੀ ਵਿਦਿਆਰਥਣ ਲਖਵੀਰ ਕੌਰ ਨੇ ਗਾਇਡ ਅਧਿਆਪਕ ਲੈਕ. ਆਸ਼ੂਤੋਸ਼ ਦੇ ਨਿਗਰਾਨੀ ਹੇਠ ਬਲਾਕ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਗੁਰੂ ਹਰਸਹਾਏ ਬਲਾਕ ਤੋਂ ਜ਼ਿਲ੍ਹੇ ਲਈ ਕੁਆਲੀਫਾਈ ਕੀਤਾ ਤੇ ਹੁਣ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਵੀ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਪ੍ਰਿੰਸੀਪਲ ਅਨੀਤਾ ਰਾਣੀ ਨੇ ਅਧਿਆਪਕ ਆਸ਼ੂਤੋਸ਼ ਤੇ ਵਿਦਿਆਰਥਣ ਲਖਵੀਰ ਕੌਰ ਨੂੰ ਵਧਾਈ ਦਿੱਤੀ ਅਤੇ ਭਵਿੱਖ 'ਚ ਵੀ ਵਧੀਆ ਪ੍ਰਦਰਸ਼ਨ ਦੀ ਆਸ ਕੀਤੀ। ਦੱਸਣਯੋਗ ਹੈ ਕਿ ਲੈਕ. ਆਸ਼ੂਤੋਸ਼ ਨੇ ਪ੍ਰਤੀਯੋਗਤਾ ਵਿੱਚ ਜੱਜ ਦੇ ਰੂਪ ਵੀ ਭੂਮਿਕਾ ਨਿਭਾਈ, ਜਿਸ ਲਈ ਜ਼ਿਲ੍ਹਾ ਪੱਧਰ 'ਤੇ ਉਨ੍ਹਾਂ ਨੂੰ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ।

### 3000 ਲੀਟਰ ਲਾਹਣ ਬਰਾਮਦ

**ਜਲਾਲਾਬਾਦ (ਦਹੂਜਾ)**-ਜਲਾਲਾਬਾਦ 'ਚ ਨਸ਼ੀਲੇ ਪਦਾਰਥਾਂ ਲਈ ਬਦਨਾਮ ਪਿੰਡ ਮਹਾਲਮ ਤੋਂ ਪੁਲਸ ਨੇ 3000 ਲੀਟਰ ਲਾਹਣ ਬਰਾਮਦ ਕੀਤੀ, ਜਿਸ ਨੂੰ ਬਾਅਦ 'ਚ ਨਸ਼ਟ ਕਰ ਦਿੱਤਾ ਗਿਆ। ਜਾਣਕਾਰੀ ਦਿੰਦਿਆਂ ਜਲਾਲਾਬਾਦ ਦੇ ਡੀ.ਐੱਸ.ਪੀ. ਅਤੁਲ ਸੋਨੀ ਨੇ ਦੱਸਿਆ ਕਿ ਪੁਲਸ ਤੇ ਆਬਕਾਰੀ ਵਿਭਾਗ ਵੱਲੋਂ ਸਾਂਝਾ ਸਰਚ ਅਭਿਆਨ ਚਲਾਇਆ ਗਿਆ। ਤਲਾਸ਼ੀ ਮੁਹਿੰਮ ਦੌਰਾਨ ਪਿੰਡ ਮਹਾਲਮ ਵਿੱਚ 3000 ਲੀਟਰ ਲਾਹਣ ਬਰਾਮਦ ਹੋਈ।

### 19 ਫਰਵਰੀ ਨੂੰ ਨਨਕਾਣਾ ਸਾਹਿਬ ਜਾਵੇਗਾ ਜਥਾ : ਭੁੱਲਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪਾਕਿਸਤਾਨ ਵਿਖੇ ਸਾਕਾ ਨਨਕਾਣਾ ਸਾਹਿਬ ਜਥਾ 19 ਫਰਵਰੀ ਨੂੰ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਲਈ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਰਪਾਲ ਸਿੰਘ ਭੁੱਲਰ ਰਬਾਬੀ ਭਾਈ ਮਰਦਾਨਾ ਯਾਤਰੀ ਕਮੇਟੀ ਫ਼ਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ 21 ਫਰਵਰੀ ਨੂੰ ਜਨਮ ਅਸਥਾਨ ਵਿਖੇ ਸਮਾਗਮ ਮਨਾ ਕੇ ਸੱਚਾ ਸੌਦਾ, ਪੰਜਾ ਸਾਹਿਬ ਤੇ ਕਰਤਾਰਪੁਰ ਸਾਹਿਬ, ਰੋੜੀ ਸਾਹਿਬ, ਡੇਹਰਾ ਸਾਹਿਬ ਲਾਹੌਰ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਕੇ 25 ਫਰਵਰੀ ਨੂੰ ਵਾਪਸ ਭਾਰਤ ਪਰਤ ਆਵੇਗਾ। ਉਨ੍ਹਾਂ ਦੱਸਿਆ ਕਿ ਚਾਹਵਾਨ ਯਾਤਰੀ ਇੱਕ ਪਾਸਪੋਰਟ, ਇੱਕ ਫ਼ੋਟੋ ਨਾਲ 29 ਦਸੰਬਰ ਤੱਕ ਭਾਈ ਮਰਦਾਨਾ ਸੁਸਾਇਟੀ ਬਗਦਾਦੀ ਗੇਟ ਪਾਸ ਜਮਾਂ ਕਰਵਾ ਸਕਦੇ ਹਨ। ਭੁੱਲਰ ਨੇ ਦੱਸਿਆ ਕਿ ਸਿਰਫ਼ 100 ਯਾਤਰੀਆਂ ਦੇ ਪਾਸਪੋਰਟ ਲਏ ਜਾਣਗੇ।

# ਪ੍ਰੋ. ਬਲਦੀਪ ਨੂੰ ਸਦਮਾ, ਨੌਜਵਾਨ ਪੁੱਤ ਦੀ ਕੈਨੇਡਾ 'ਚ ਮੌਤ

## ਵੱਖ-ਵੱਖ ਸੰਸਥਾਵਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



**ਸਮਰਾਲਾ (ਸੁਰਜੀਤ ਸਿੰਘ)**-ਪ੍ਰੋ. ਬਲਦੀਪ, ਜਿਨ੍ਹਾਂ ਨੇ ਸਮਰਾਲਾ ਇਲਾਕੇ ਦੀ ਸਿਰਮੌਰ ਸੰਸਥਾ ਮਾਲਵਾ ਕਾਲਜ ਵਿੱਚ ਬਤੌਰ ਅੰਗਰੇਜ਼ੀ ਪ੍ਰੋਫੈਸਰ ਤੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣਾ ਵੱਖਰਾ ਮੁਕਾਮ ਬਣਾ ਕੇ ਰੱਖਿਆ ਹੈ, ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਨੌਜਵਾਨ ਸਪੁੱਤਰ ਦੀਪਇੰਦਰਪਾਲ, ਜੋ ਆਪਣੇ ਪਰਿਵਾਰ ਨਾਲ (ਵਿਨੀਪੈਗ) ਕੈਨੇਡਾ ਵਿਖੇ ਰਹਿ ਰਹੇ ਸੀ, ਦੀ ਅਚਾਨਕ ਬੀਤੇ ਦਿਨੀਂ ਮੌਤ ਹੋ ਗਈ। ਇਸ ਗੱਲ ਦਾ ਪ੍ਰਗਟਾਵਾ ਅਧਿਆਪਕ ਚੇਤਨਾ ਮੰਚ ਸਮਰਾਲਾ ਦੇ ਪ੍ਰਧਾਨ ਵਿਜੇ ਕੁਮਾਰ ਸ਼ਰਮਾ ਮੰਚ ਵੱਲੋਂ ਸੱਦੀ ਸੋਗ ਮੀਟਿੰਗ ਵਿੱਚ ਕੀਤਾ ਗਿਆ। ਇਸ ਮੌਕੇ ਪ੍ਰੋ. (ਡਾ.) ਪਰਮਿੰਦਰ ਸਿੰਘ ਬੈਨੀਪਾਲ ਦੱਸਿਆ ਕਿ ਪਰਿਵਾਰ ਤੋਂ ਮਿਲੀ ਜਾਣਕਾਰੀ ਮੁਤਾਬਿਕ ਪ੍ਰੋ. ਬਲਦੀਪ ਤੇ ਉਨ੍ਹਾਂ ਪਰਿਵਾਰ ਇਸ ਮੌਕੇ ਕੈਨੇਡਾ ਪਹੁੰਚ ਚੁੱਕੇ ਹਨ ਅਤੇ ਉੱਥੇ ਹੀ ਦੀਪਇੰਦਰਪਾਲ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। ਦੀਪਇੰਦਰਪਾਲ ਆਪਣੇ ਪਿੱਛੇ ਆਪਣੀ ਪਤਨੀ ਤੇ ਇੱਕ ਛੋਟੀ ਬੇਟੀ ਛੱਡ ਗਿਆ ਹੈ। ਇਸ ਸੋਗ ਸਭਾ ਵਿੱਚ ਵੱਖ ਵੱਖ ਬੁਲਾਰਿਆਂ ਨੇ ਪ੍ਰੋ. ਬਲਦੀਪ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਤੇ ਵਿੱਛੜੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ ਦਰਸ਼ਨ ਸਿੰਘ ਕੰਗ, ਪੁਖਰਾਜ ਸਿੰਘ ਘੁਲਾਲ, ਪ੍ਰੇਮ ਨਾਥ, ਪ੍ਰਿੰ: ਮਨੋਜ ਕੁਮਾਰ, ਮੇਘ ਸਿੰਘ ਜਵੰਦਾ, ਰਾਜੇਸ਼ ਕੁਮਾਰ ਉਟਾਲਾਂ, ਲੈਕ: ਬਿਹਾਰੀ ਲਾਲ ਸੱਦੀ, ਦੀਪ ਦਿਲਬਰ, ਕਮਲਜੀਤ ਘੁੰਗਰਾਲੀ, ਕਹਾਣੀਕਾਰ ਸੁਖਜੀਤ ਚੇਅਰਮੈਨ ਸਾਹਿਤ ਸਭਾ, ਐਡਵੋਕੇਟ ਨਰਿੰਦਰ ਸ਼ਰਮਾ ਪ੍ਰਧਾਨ ਸਾਹਿਤ ਸਭਾ, ਤਰਲੋਚਨ ਸਿੰਘ ਪ੍ਰਧਾਨ ਲੇਖਕ ਮੰਚ, ਸੁਰਜੀਤ ਵਿਸ਼ਦ, ਬਲਕਾਰ ਸਿੰਘ, ਸੁਰਿੰਦਰ ਵਰਮਾ, ਹਰੀ ਚੰਦ, ਇੰਦਰਜੀਤ ਸਿੰਘ ਕੰਗ, ਵੀਰਇੰਦਰ ਸਿੰਘ, ਜਸਵਿੰਦਰ ਸਿੰਘ, ਹਰਦਮਨਦੀਪ ਸਿੰਘ ਨਾਗਰਾ, ਸਤਿੰਦਰਪਾਲ ਸਿੰਘ, ਹੁਸ਼ਿਆਰ ਸਿੰਘ, ਚਰਨਜੀਤ ਸਿੰਘ ਮਾਛੀਵਾੜਾ, ਜੈਦੀਪ ਮੈਨਰੋ, ਸੰਜੀਵ ਕਲਿਆਣ, ਸੰਦੀਪ ਸਮਰਾਲਾ, ਅਮਨਦੀਪ ਕੌਸ਼ਲ ਆਦਿ ਸ਼ਾਮਲ ਸਨ।

# ਟੋਡਰਵਾਲ ਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਤਿੰਨ ਦਰਜਨ ਦੇ ਕਰੀਬ ਮੋਟਰਾਂ ਦੀਆਂ ਕੇਬਲਾਂ ਚੋਰੀ



**ਨਾਭਾ (ਵਰਿੰਦਰ ਵਰਮਾ)**- ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੁੱਟਾਂ-ਖੋਹਾਂ, ਚੋਰੀਆਂ, ਡਕੈਤੀਆਂ ਤੇ ਕਤਲਾਂ ਦੀਆਂ ਵਾਰਦਾਤਾਂ 'ਚ ਦਿਨੋ ਦਿਨ ਇਜ਼ਾਫ਼ਾ ਹੁੰਦਾ ਜਾ ਰਿਹਾ ਹੈ, ਜਿਸ ਦੀ ਮਿਸਾਲ ਪਿੰਡ ਟੋਡਰਵਾਲ ਅਤੇ ਆਲੇ-ਦੁਆਲੇ ਦੇ ਕਈ ਪਿੰਡਾਂ ਵਿੱਚ ਕਰੀਬ 3 ਦਰਜਨ ਦੇ ਕਰੀਬ ਮੋਟਰਾਂ ਦੀਆਂ ਕੇਬਲਾਂ ਚੋਰਾਂ ਵੱਲੋਂ ਚੋਰੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ।

ਪੀੜਤ ਕਿਸਾਨ ਵੱਲੋਂ ਪੰਜਾਬ ਸਰਕਾਰ ਤੇ ਪ੍ਰਸਾਸਨ ਤੇ ਸਵਾਲ ਚੁੱਕਦਿਆਂ ਇਨਸਾਫ ਦੀ ਮੰਗ ਕਰਦਿਆਂ ਪੀੜਤ ਕਿਸਾਨ ਗੁਰਮੀਤ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ ਸਾਬਕਾ ਸਰਪੰਚ, ਦਰਸ਼ਨ ਸਿੰਘ, ਗੁਰਨਾਮ ਸਿੰਘ, ਜਰਨੈਲ ਸਿੰਘ, ਮੱਖਣ ਸਿੰਘ, ਪਿਆਰਾ ਸਿੰਘ ਸਾਰੇ ਪਿੰਡ ਟੋਡਰਵਾਲ, ਗੁਰਮੀਤ ਸਿੰਘ, ਜਾਗਰ ਸਿੰਘ, ਜਗਜੀਤ ਸਿੰਘ ਪਿੰਡ ਬਾਬਰਪੁਰ, ਨਾਜਰ ਸਿੰਘ, ਅਵਤਾਰ ਸਿੰਘ, ਚਰਨ ਸਿੰਘ, ਗੁਰਮੀਤ ਸਿੰਘ, ਦਵਿੰਦਰ ਸਿੰਘ, ਚਰਨ ਸਿੰਘ ਪਿੰਡ ਅਭੇਪੁਰ ਤੇ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਇਕਾਈ ਪ੍ਰਿੰਸਵੀਰ ਸਿੰਘ ਆਦਿ ਨੇ ਕਿਹਾ ਕਿ ਚੋਰਾਂ ਵੱਲੋਂ ਆਏ ਦਿਨ ਕੋਈ ਨਾ ਕੋਈ ਵਾਰਦਾਤ ਨੂੰ ਅੰਜਾਮ ਦਿੱਤਾ ਜਾਂਦਾ ਹੈ, ਪ੍ਰੰਤੂ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਬੀਤੀ ਰਾਤ ਚੋਰਾਂ ਵੱਲੋਂ ਲਗਪਗ 35 ਦੇ ਕਰੀਬ ਮੋਟਰਾਂ ਦੀਆਂ ਕੇਬਲਾਂ ਚੋਰੀ ਕਰ ਲਈਆਂ ਗਈਆਂ ਹਨ। ਇਸ ਸਬੰਧੀ ਪੁਲਸ ਨੂੰ ਇਤਲਾਹ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਈ ਦਿਨ ਪਹਿਲਾਂ ਲਾਗਲੇ ਪਿੰਡ ਸਲੇਮਪੁਰ ਵਿਖੇ ਵੀ ਚੋਰਾਂ ਵੱਲੋਂ ਹਲ, ਸੁਹਾਗਾ, ਕਰਾਹ ਕੈਰੋਂ, ਚੋਰੀ ਕਰਕੇ ਲੈ ਗਏ, ਜਿਸ ਸਬੰਧੀ ਵੀ ਕੋਈ ਪਤਾ ਨਹੀਂ ਲੱਗਾ। ਉਨ੍ਹਾਂ ਦੱਸਿਆ ਕਿ ਸਾਡੀ ਮੋਟਰ ਤੇ ਵੀ ਬੀਤੀ ਰਾਤ ਚੇਨ ਕੁੱਪੀ ਸਮੇਤ ਬਲੈਰੋ ਕੈਪਰ 'ਚ ਸਵਾਰ ਹੋ ਕੇ ਕੁਝ ਲੋਕ ਉਨ੍ਹਾਂ ਦੀ ਮੋਟਰ ਚੋਰੀ ਕਰਨ ਦੀ ਤਾਕ 'ਚ ਆਏ ਸਨ, ਜਿਨ੍ਹਾਂ ਨੂੰ ਸਾਡੇ ਨੌਕਰ ਵੱਲੋਂ ਦੇਖ ਕੇ ਮੈਨੂੰ ਫੋਨ ਕੀਤਾ ਤਾਂ ਅਸੀਂ ਗੱਡੀ ਲੈ ਕੇ ਮੋਟਰ ਵੱਲ ਗਏ ਤਾਂ ਗੱਡੀ ਦੀਆਂ ਲਾਈਟਾਂ ਦੇ ਦੇਖ ਕੇ ਚੋਰ ਆਪਣੀ ਗੱਡੀ ਸਮੇਤ ਭੱਜਣ ਵਿਚ ਕਾਮਯਾਬ ਹੋ ਗਏ।

ਉਨ੍ਹਾਂ ਕਿਹਾ ਕੇ ਚੋਰਾਂ ਵੱਲੋਂ ਕੀਤੀਆਂ ਜਾ ਰਹੀਆਂ ਚੋਰੀਆਂ ਕਾਰਨ ਕਿਸਾਨ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਂਦਾ ਹੈ ਤੇ ਸਮੇਂ ਦੀ ਬਰਬਾਦੀ ਵੱਖਰੀ ਹੁੰਦੀ ਹੈ। ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਰਹਿੰਦਾ ਹੈ। ਇਸ ਮੌਕੇ ਮੌਜੂਦ ਕਿਸਾਨਾਂ ਨੇ ਪ੍ਰਸ਼ਾਸਨ ਤੇ ਸਰਕਾਰ ਤੋ ਮੰਗ ਕਰਦਿਆਂ ਕਿਹਾ ਕਿ ਪਿਛਲੇ 6 ਮਹੀਨੇ ਦੇ ਸਮੇਂ ਤੋ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਜਦੋਂ ਚੌਂਕੀ ਇੰਚਾਰਜ ਦੰਦਰਾਲਾ ਹਰਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਇਸ ਸਬੰਧੀ ਕਿਸਾਨਾਂ ਨੂੰ ਬੁਲਾਇਆ ਗਿਆ ਹੈ। ਮਾਮਲੇ ਦੀ ਜਾਣਕਾਰੀ ਲੈਣ ਉਪਰੰਤ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਤੇ ਕੇਬਲ ਚੋਰਾਂ ਨੂੰ ਜਲਦੀ ਹੀ ਕਾਬੂ ਕੀਤਾ ਜਾਵੇਗਾ।

# ਦਿਨ-ਦਿਹਾੜੇ ਦੁਕਾਨਦਾਰ ਦਾ ਹੱਥ ਵੱਢਿਆ

**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਇੰਦਰਾ ਰੋਡ 'ਤੇ ਦਿਨ ਦਿਹਾੜੇ ਉਸ ਸਮੇਂ ਗੁੰਡਾਗਰਦੀ ਦੇਖਣ ਨੂੰ ਮਿਲੀ, ਜਦੋਂ ਕੁੱਝ ਅਣਪਛਾਤੇ ਵਿਅਕਤੀਆਂ ਨੇ ਇੱਕ ਦੁਕਾਨਦਾਰ 'ਤੇ ਮਾਰੂ ਹਥਿਆਰਾਂ ਨਾਲ ਹਮਲਾ ਕਰਕੇ ਹੱਥ ਵੱਢ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨੌਜਵਾਨ ਸੰਨੀ ਕੁਮਾਰ ਨੇ ਦੱਸਿਆ ਕਿ ਉਸ ਦੇ ਭਰਾ ਦੀ ਮੁਹੱਲੇ 'ਚ ਲੜਾਈ ਹੋਈ ਸੀ ਤੇ ਅੱਜ ਜਦੋਂ ਉਹ ਬੱਗੀ ਲਾਈਟ ਹਾਊਸ ਦੀ ਦੁਕਾਨ 'ਤੇ ਗੈਸ ਭਰਵਾਉਣ ਆਇਆ ਤਾਂ ਲਗਭਗ 20 ਦੇ ਕਰੀਬ ਅਣਪਛਾਤੇ ਵਿਅਕਤੀ ਉਸ 'ਤੇ ਹਮਲਾ ਕਰਨ ਦੀ ਤਾਕ ਨਾਲ ਹਥਿਆਰਾਂ ਸਮੇਤ ਆਏ, ਜਿਨ੍ਹਾਂ ਨੇ ਉਸ 'ਤੇ ਹਮਲਾ ਕਰ ਸੱਟਾਂ ਮਾਰੀਆਂ ਤੇ ਉਕਤ ਦੁਕਾਨਦਾਰ ਬੱਗੀ 'ਤੇ ਵੀ ਮਾਰੂ ਹਥਿਆਰਾਂ ਨਾਲ ਹਮਲਾ ਕਰਕੇ ਉਸ ਦਾ ਹੱਥ ਵੱਢ ਦਿੱਤਾ, ਜਿਸ ਦਾ ਇਸ ਲੜਾਈ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਇਸ ਘਟਨਾ ਦੇ ਰੋਸ ਵਜੋਂ ਇੰਦਰਾ ਰੋਡ ਦੇ ਸਾਰੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰਕੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਕਿਹਾ ਕਿ ਜਦੋਂ ਤੱਕ ਉਕਤ ਹਮਲਾਵਾਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ, ਉਹ ਆਪਣੀਆਂ ਦੁਕਾਨਾਂ ਬੰਦ ਕਰਕੇ ਧਰਨਾ ਦੇਣਗੇ।

# ਸੀ.ਸੀ.ਆਰ.ਓ. ਟੀਮ ਨੇ ਬਾਲ ਦਿਵਸ ਮੌਕੇ ਵੰਡੇ ਗਰਮ ਕੱਪੜੇ



**ਜਲਾਲਾਬਾਦ, (ਦਹੂਜਾ)** : ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ 'ਚ ਮੋਹਰੀ ਰਹਿਣ ਵਾਲੇ ਕ੍ਰਾਇਮ ਐਂਡ ਕੁਰੱਪਸ਼ਨ ਰਿਫ਼ੋਰਮਜ਼ ਆਰਗੇਨਾਈਜ਼ੇਸ਼ਨ (ਸੀ.ਸੀ.ਆਰ.ਓ.) ਦੇ ਸੂਬਾ ਪ੍ਰਧਾਨ ਸ਼ੇਰੂ ਕੱਕੜ ਨੇ ਆਪਣੀ ਟੀਮ ਸਮੇਤ ਝੁੱਗੀਆਂ-ਝੌਂਪੜੀਆਂ 'ਚ ਰਹਿਣ ਵਾਲੇ ਪ੍ਰਵਾਸੀ ਭਾਰਤੀਆਂ ਨੂੰ ਸਰਦੀ ਦੇ ਮੌਸਮ ਨੂੰ ਵੇਖਦਿਆਂ ਗਰਮ ਕੱਪੜੇ, ਕੰਬਲ, ਬੂਟ, ਜੁਰਾਬਾਂ ਤੇ ਹੋਰ ਸਮੱਗਰੀ ਵੰਡੀ। ਇਸ ਮੌਕੇ ਗੱਲ ਕਰਦਿਆਂ ਸ਼ੇਰੂ ਕੱਕੜ ਨੇ ਕਿਹਾ ਕਿ ਉਹ ਸਮੇਂ-ਸਮੇਂ 'ਤੇ ਸਮਾਜ ਭਲਾਈ ਦੇ ਕੰਮ ਕਰਦੇ ਰਹਿੰਦੇ ਹਨ ਤੇ ਭਵਿੱਖ 'ਚ ਵੀ ਇਸੇ ਤਰ੍ਹਾਂ ਸਮਾਜ ਸੇਵਾ ਕਰਦੇ ਰਹਿਣਗੇ ਤੇ ਜੇ ਕੋਈ ਹੋਰ ਵੀ ਲੋੜਵੰਦ ਪਰਿਵਾਰ ਹਨ ਤਾਂ ਉਹ ਉਨ੍ਹਾਂ ਨੂੰ ਮਿਲਣ ਤੇ ਜਿੱਥੋਂ ਤੱਕ ਹੋਵੇਗਾ, ਉਨ੍ਹਾਂ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾਵੇਗੀ।

# ਸੋਲਿਡ ਵੇਸਟ ਮੈਨੇਜਮੈਂਟ ਦੇ ਕੰਮਾਂ ਲਈ ਮਿਸਾਲ ਪੇਸ਼ ਕਰ ਰਿਹੈ ਨਗਰ ਕੌਂਸਲ ਦਾ ਐੱਮ ਆਰ ਐੱਫ ਟੂ

**ਜਲਾਲਾਬਾਦ (ਦਹੂਜਾ)**-ਨਗਰ ਕੌਂਸਲ ਜਲਾਲਾਬਾਦ ਦੇ ਐੱਮ.ਆਰ.ਐੱਫ. 2 ਤੋਂ ਕਾਰਜ ਸਾਧਕ ਅਫਸਰ ਬਲਵਿੰਦਰ ਸਿੰਘ, ਸੈਨਟਰੀ ਇੰਸਪੈਕਟਰ ਜਗਦੀਪ ਸਿੰਘ ਦੇ ਸਹਿਯੋਗ ਨਾਲ ਪਿਛਲੇ ਹਫਤੇ ਪ੍ਰੋਗਰਾਮ ਕੁਆਰਡੀਨੇਟਰ ਗੁਰਦੇਵ ਸਿੰਘ ਖਾਲਸਾ ਦੀ ਅਗਵਾਈ ਹੇਠ ਵੱਖ ਵੱਖ (ਸੋਰਸ ਸੈਗਰੀਗੇਸ਼ਨ) ਕਰਵਾਇਆ ਗਿਆ ਤੇ 1040 ਕਿੱਲੋਗ੍ਰਾਮ ਪਲਾਸਟਿਕ (ਲਿਫਾਫੇ ਦੀਆਂ ਗੱਠਾਂ) ਤੇ 610 ਕਿਲੋਗ੍ਰਾਮ ਪਲੇਨ ਗੱਤਾ (ਗੱਠਾ) ਵੇਚ ਕੇ ਦੋਵਾਂ ਦਾ ਕੁੱਲ 5030 ਰੁਪਏ ਨਗਰ ਕੌਂਸਲ ਜਲਾਲਾਬਾਦ ਦੇ ਖਾਤੇ ਵਿੱਚ ਜਮ੍ਹਾਂ ਕਰਵਾਏ ਗਏ। ਉਨ੍ਹਾਂ ਕਿਹਾ ਕਿ ਇਹ ਗੱਤਾ ਤੇ ਲਿਫਾਫਾ ਨਗਰ ਕੌਂਸਲ ਜਲਾਲਾਬਾਦ ਦੁਆਰਾ ਚਲਾਈਆਂ ਗਈਆਂ ਟਾਟਾ ਏਸ ਗੱਡੀਆਂ ਦੁਆਰਾ ਤੇ ਇੰਨਫੋਰਮਲ ਵੇਸਟ ਕੁਲੈਕਟਰਾਂ ਦੁਆਰਾ ਡੋਰ ਟੂ ਡੋਰ ਇਕੱਠਾ ਕਰਵਾਇਆ ਗਿਆ ਸੀ, ਜਿਸ ਨੂੰ ਐੱਮ.ਆਰ.ਐੱਫ. ਨੰਬਰ 2 'ਤੇ ਵੱਖ ਵੱਖ ਕਰਕੇ ਲਿਫਾਫੇ ਤੇ ਪਲੇਨ ਗੱਤੇ ਦੀਆਂ ਗੱਠਾਂ ਬਣਵਾਈਆਂ ਗਈਆਂ ਸਨ।

ਕਾਰਜ ਸਾਧਕ ਅਫਸਰ ਬਲਵਿੰਦਰ ਸਿੰਘ ਤੇ ਸੈਨੇਟਰੀ ਇੰਸਪੈਕਟਰ ਜਗਦੀਪ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਆਮ ਲੋਕਾਂ, ਦੁਕਾਨਦਾਰਾਂ, ਹੋਟਲਾਂ, ਵਿੱਦਿਅਕ ਸੰਸਥਾਵਾਂ ਤੇ ਮੈਰਿਜ ਪੈਲਸਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਗਿੱਲੇ ਤੇ ਸੁੱਕੇ ਕੂੜੇ ਨੂੰ (2 ਡਸਟਬਿੰਨ ਹਰਾ ਤੇ ਨੀਲਾ) ਵੱਖ ਵੱਖ ਕਰਕੇ ਹੀ ਨਗਰ ਕੌਂਸਲ ਦੀਆਂ ਟਾਟਾ ਏਸ ਗੱਡੀਆਂ ਤੇ ਇੰਨਫੋਰਮਲ ਵੇਸਟ ਕੁਲੈਕਟਰਾਂ ਨੂੰ ਦੇਣ ਅਤੇ ਸਿੰਗਲ ਯੂਜ਼ ਪਲਾਸਟਿਕ, ਪੋਲੀਥੀਨ ਦੀ ਵਰਤੋਂ ਨਾ ਕਰਨ ਤਾਂ ਜੋ ਕੂੜੇ ਨੂੰ ਘੱਟ ਕੀਤਾ ਜਾ ਸਕੇ ਤੇ ਗਿੱਲੇ ਕੂੜੇ ਤੋਂ ਖਾਦ ਬਣਾਈ ਜਾ ਸਕੇ ਤੇ ਠੋਸ ਕੂੜੇ ਨੂੰ ਐੱਮ.ਆਰ.ਐੱਫ. ਨੰਬਰ 2 'ਤੇ ਸੈਗਰੀਗੇਟ ਕਰਕੇ ਉੱਚਿਤ ਨਿਪਟਾਰਾ ਕੀਤਾ ਜਾ ਸਕੇ।



# ਖਾਲਸਾ ਸਕੂਲ ਵਿਖੇ ਰਾਸ਼ਟਰੀ ਮਿਰਗੀ ਜਾਗਰੂਕਤਾ ਦਿਵਸ ਮਨਾਇਆ



**ਤਲਵੰਡੀ ਸਾਬੋ, (ਜਗਦੀਪ ਗਿੱਲ)** -ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਕੁਲਵਿੰਦਰ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਕੌਮੀ ਸੇਵਾ ਯੋਜਨਾ ਯੂਨਿਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵੰਡੀ ਸਾਬੋ ਦੇ ਸਾਲਾਨਾ ਪ੍ਰੋਗਰਾਮ ਅਨੁਸਾਰ ਸਥਾਨਕ ਖਾਲਸਾ ਸਕੂਲ ਵਿੱਚ ਰਾਸ਼ਟਰੀ ਮਿਰਗੀ ਯਾਗਰੂਕਤਾ ਦਿਵਸ ਮਨਾਇਆ ਗਿਆ, ਜਿਸ ਵਿੱਚ ਸਿਵਲ ਹਸਪਤਾਲ ਤਲਵੰਡੀ ਸਾਬੋ ਵੱਲੋਂ ਪਹੁੰਚੇ ਡਾਕਟਰ ਜਗਰੂਪ ਸਿੰਘ ਦੁਆਰਾ ਸਕੂਲ ਸਟਾਫ਼, ਵਿਦਿਆਰਥੀਆਂ ਤੇ ਐਨ.ਐਸ.ਐਸ ਵਲੰਟੀਅਰਾਂ ਨੂੰ ਮਿਰਗੀ ਦੀ ਬਿਮਾਰੀ ਦੇ ਕਾਰਨਾਂ, ਇਸਦੇ ਲੱਛਣ, ਇਸ ਦੀ ਰੋਕਥਾਮ ਤੇ ਬਚਾਅ ਸਬੰਧੀ ਭਰਪੂਰ ਜਾਣਕਾਰੀ ਦਿੱਤੀ।

ਉਨ੍ਹਾਂ ਅਨੁਸਾਰ ਮਿਰਗੀ ਦੀ ਬਿਮਾਰੀ ਇਕ ਤਰ੍ਹਾਂ ਦੇ ਦੌਰੇ ਹਨ, ਜਿਸ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਛੋਟੇ ਬੱਚਿਆਂ ਨੂੰ ਜ਼ਿਆਦਾ ਬੁਖਾਰ ਹੋਣਾ, ਕਿਸੇ ਸ਼ੂਗਰ ਦੇ ਮਰੀਜ਼ ਦਾ ਸ਼ੂਗਰ ਲੈਵਲ ਘਟ ਜਾਣਾ, ਨਸ਼ੇ ਦਾ ਜ਼ਿਆਦਾ ਮਾਤਰਾ ਵਿੱਚ ਸੇਵਨ ਜਾਂ ਜਦੋਂ ਨਸ਼ੇ ਦਾ ਆਦੀ ਵਿਅਕਤੀ ਇਕਦਮ ਨਸ਼ਾ ਛੱਡ ਦੇਵੇ, ਸਿਰ ਵਿੱਚ ਕਿਸੇ ਤਰ੍ਹਾਂ ਦੀ ਸੱਟ ਲੱਗ ਜਾਣਾ ਆਦਿ। ਇਨ੍ਹਾਂ ਵਿੱਚੋਂ ਕਾਫੀ ਗੱਲਾਂ ਦਾ ਧਿਆਨ ਰੱਖ ਕੇ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਜਦੋਂ ਕਿਸੇ ਵਿਅਕਤੀ ਨੂੰ ਇਸ ਤਰ੍ਹਾਂ ਦਾ ਦੌਰਾ ਪੈਂਦਾ ਹੈ ਜਿਵੇਂ ਹੱਥਾਂ ਪੈਰਾਂ ਦਾ ਅਚਾਨਕ ਹਿਲਣ ਲੱਗਣਾ ਵਿਅਕਤੀ ਦਾ ਬੇਹੋਸ਼ ਹੋ ਜਾਣਾ, ਮੂੰਹ ਵਿੱਚੋਂ ਝੱਗ ਆਦਿ ਨਿਕਲਣ ਲੱਗ ਜਾਣਾ ਤਾਂ ਮੁੱਢਲੀ ਸਹਾਇਤਾ ਤੋਂ ਬਾਅਦ ਤੁਰੰਤ ਡਾਕਟਰ ਕੋਲ ਲੈ ਜਾਣਾ ਚਾਹੀਦਾ ਹੈ।

ਇਸ ਜਾਗਰੂਕਤਾ ਮੁਹਿੰਮ ਵਿੱਚ 50 ਵਲੰਟੀਅਰਾਂ ਨੇ ਭਾਗ ਲਿਆ ਤੇ ਪ੍ਰਾਪਤ ਜਾਣਕਾਰੀ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ। ਇਸ ਦੌਰਾਨ ਸਕੂਲ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਤੇ ਵਲੰਟੀਅਰਾਂ ਨੂੰ ਦੱਸਿਆ ਕਿ ਸਾਡੇ ਦੇਸ਼ ਵਿੱਚ ਹਰ ਸਾਲ 17 ਨਵੰਬਰ ਨੂੰ ਰਾਸ਼ਟਰੀ ਮਿਰਗੀ ਦਿਵਸ ਮਨਾਇਆ ਜਾਂਦਾ ਹੈ ਤੇ ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆਂ ਭਰ ਵਿੱਚ ਲਗਭਗ 50 ਮਿਲੀਅਨ ਲੋਕ ਮਿਰਗੀ ਦੇ ਸ਼ਿਕਾਰ ਹਨ, ਜਿਨ੍ਹਾਂ ਵਿੱਚੋਂ 80 ਪ੍ਰਤੀਸ਼ਤ ਲੋਕ ਵਿਕਾਸਸ਼ੀਲ ਦੇਸਾਂ ਵਿੱਚ ਰਹਿ ਰਹੇ ਹਨ, ਭਾਰਤ ਵਿੱਚ ਲਗਭਗ 10 ਮਿਲੀਅਨ ਲੋਕ ਮਿਰਗੀ ਨਾਲ ਜੁੜੇ ਦੌਰੇ ਤੋਂ ਪੀੜਤ ਹਨ।

ਸਟੇਜ ਸਕੱਤਰ ਦੀ ਭੂਮਿਕਾ ਅਧਿਆਪਕ ਸਤਨਾਮ ਸਿੰਘ ਨੇ ਨਿਭਾਈ। ਇਸ ਸਮੇਂ ਹੈਲਥ ਵਿਭਾਗ ਵੱਲੋਂ ਇਕਬਾਲ ਸਿੰਘ, ਸਕੂਲ ਦੇ ਵਾਈਸ ਪ੍ਰਿੰਸੀਪਲ ਆਸ਼ਾ ਰਾਣੀ, ਅਧਿਆਪਕ ਗੁਰਸੰਦੀਪ ਸਿੰਘ, ਗਗਨਦੀਪ ਸਿੰਘ, ਲੈਕਚਰਾਰ ਜਸਵੀਰ ਕੌਰ ਅਰੁਨਦੀਪ, ਮਨਪ੍ਰੀਤ ਕੌਰ, ਰਾਜਪਾਲ ਕੌਰ, ਅਧਿਆਪਕਾਵਾਂ ਗੁਰਜੀਤ ਕੌਰ, ਪਰਮਜੀਤ ਕੌਰ, ਅਮਨਦੀਪ ਕੌਰ ਤੇ ਸੁਨੀਤਾ ਕੁਮਾਰੀ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਲਈ ਵਫਦ ਮੁੱਖ ਮੰਤਰੀ ਨੂੰ ਮਿਲਿਆ

## ਨੋਟੀਫਿਕੇਸ਼ਨ ਜਲਦੀ ਜਾਰੀ ਕਰਨ ਦਾ ਦਿੱਤਾ ਭਰੋਸਾ



**ਲੁਧਿਆਣਾ, (ਐਮ ਐਸ ਭਾਟੀਆ/ਰੈਕਟਰ ਕਥੂਰੀਆ)**-ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 107ਵੀਂ ਬਰਸੀ ਸਮਾਗਮ ਵਿੱਚ ਉਨ੍ਹਾ ਦੇ ਜੱਦੀ ਪਿੰਡ ਸਰਾਭਾ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਆਏ ਹੋਏ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਨੂੰ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕੋ-ਕਨਵੀਨਰ ਟਹਿਲ ਸਿੰਘ ਸਰਾਭਾ ਦੀ ਅਗਵਾਈ 'ਚ ਇੱਕ ਵਫਦ ਮਿਲਿਆ। ਵਫਦ ਨੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ। ਇਹ ਮੰਗ ਵੀ ਕੀਤੀ ਗਈ ਕਿ 1 ਜਨਵਰੀ 2004 ਤੋਂ ਪਹਿਲਾਂ ਲਾਗੂ ਪੁਰਾਣੀ ਪੈਨਸ਼ਨ ਸਕੀਮ ਹੂ-ਬ-ਹੂ ਲਾਗੂ ਕੀਤੀ ਜਾਵੇ। ਇਸ ਸਬੰਧੀ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਭਰੋਸਾ ਦਿੱਤਾ ਗਿਆ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕੀਤਾ ਜਾਵੇਗਾ ਤੇ ਪੁਰਾਣੀ ਪੈਨਸ਼ਨ ਸਕੀਮ ਹੂ-ਬ-ਹੂ ਲਾਗੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪ੍ਰਾਈਵੇਟ ਕੰਪਨੀਆਂ ਕੋਲ ਸ਼ੇਅਰ ਮਾਰਕੀਟ ਵਿੱਚ ਪਿਆ ਲਗਭਗ 17 ਹਜ਼ਾਰ ਕਰੋੜ ਰੁਪਿਆ ਮੁਲਾਜ਼ਮਾਂ ਦੇ ਖਾਤਿਆਂ ਵਿੱਚ ਪਾਇਆ ਜਾਵੇਗਾ।

# ਸੰਘੋਲ 'ਚ ਹੋਈ ਬੈਂਕ ਡਕੈਤੀ ਦੇ 2 ਮੁਲਜ਼ਮ ਕਾਬੂ

## 1.25 ਲੱਖ ਨਗਦੀ, ਹਥਿਆਰ ਤੇ ਕਾਰ ਬਰਾਮਦ ☛ ਬੈਂਕ ਡਕੈਤੀ 'ਚ ਹਫਿਜ਼ਾਬਾਦ ਦਾ ਸਰਪੰਚ ਵੀ ਸ਼ਾਮਲ



**ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** : ਜ਼ਿਲ੍ਹਾ ਪੁਲਸ ਨੇ ਸੰਘੋਲ ਵਿਖੇ 4 ਲੱਖ 50 ਹਜ਼ਾਰ ਦੀ ਹੋਈ ਬੈਂਕ ਡਕੈਤੀ ਦੇ ਅਣ-ਸੁਲਝੇ ਕੇਸ ਨੂੰ ਸੁਲਝਾ ਕੇ 2 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਹੈ, ਜਦੋਂ ਕਿ ਤੀਜਾ ਕਥਿਤ ਦੋਸ਼ੀ ਰੂਪਨਗਰ ਜ਼ਿਲ੍ਹੇ ਦੇ ਪਿੰਡ ਹਫਿਜ਼ਾਬਾਦ ਦਾ ਸਰਪੰਚ ਅਜੇ ਫਰਾਰ ਹੈ। ਇਹ ਜਾਣਕਾਰੀ ਜ਼ਿਲ੍ਹਾ ਪੁਲਸ ਮੁਖੀ ਡਾ: ਰਵਜੋਤ ਗਰੇਵਾਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾ ਦੱਸਿਆ ਕਿ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਪਾਸੋਂ ਲੁੱਟੇ ਗਏ 01 ਲੱਖ 25 ਹਜ਼ਾਰ ਰੁਪਏ ਦੀ ਨਗਦੀ, ਹਥਿਆਰ ਤੇ ਵਾਰਦਾਤ ਵਿੱਚ ਵਰਤੀ ਗਈ ਕਾਰ ਵੀ ਬਰਾਮਦ ਕੀਤੀ ਗਈ ਹੈ।

ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਬੀਤੇ 10 ਨਵੰਬਰ ਨੂੰ ਸਟੇਟ ਬੈਂਕ ਆਫ ਇੰਡੀਆ ਦੀ ਸੰਘੋਲ ਬਰਾਂਚ ਅੰਦਰ 2 ਅਣਪਛਾਤੇ ਵਿਅਕਤੀ, ਜਿਨ੍ਹਾਂ ਨੇ ਆਪਣੇ ਮੂੰਹ 'ਤੇ ਮਾਸਕ ਪਾਏ ਹੋਏ ਸਨ, ਨੇ ਬੈਂਕ ਦੇ ਅੰਦਰ ਵੜ ਕੇ ਪਹਿਲਾਂ ਬੈਂਕ ਦੇ ਸਕਿਉਰਿਟੀ ਗਾਰਡ ਹਰਜੀਤ ਸਿੰਘ ਨਾਲ ਹੱਥੋਪਾਈ ਕੀਤੀ ਤੇ ਉਸ ਦੀ ਰਾਈਫਲ ਖੋਹ ਕੇ ਬੈਂਕ ਵਿੱਚੋਂ ਕਰੀਬ 04 ਲੱਖ 50 ਹਜ਼ਾਰ ਰੁਪਏ ਲੁੱਟ ਕੇ ਲੈ ਗਏ ਸਨ। ਉਨ੍ਹਾ ਦੱਸਿਆ ਕਿ ਇਸ ਲੁੱਟ ਦੀ ਵਾਰਦਾਤ ਦੀਆਂ ਫੋਟੋਆਂ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਗਈਆਂ ਸਨ, ਜਿਸ ਦੇ ਆਧਾਰ 'ਤੇ ਬੈਂਕ ਦੇ ਡਿਪਟੀ ਮੈਨੇਜਰ ਜੰਗ ਸਿੰਘ ਦੇ ਬਿਆਨ 'ਤੇ ਮੁਕੱਦਮਾ ਨੰ: 145 ਮਿਤੀ 10-11—2022 ਧਾਰਾ 392 ਤੇ ਆਰਮ ਐਕਟ ਦੀ ਧਾਰਾ 25, 27 ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾ ਦੱਸਿਆ ਕਿ ਪੁਲਸ ਨੇ ਮਾਮਲੇ ਵਿੱਚ ਫੌਰੀ ਕਾਰਵਾਈ ਕਰਦੇ ਹੋਏ ਡੀ.ਐੱਸ.ਪੀ. ਖਮਾਣੋਂ ਸ੍ਰੀ ਰਮਿੰਦਰ ਸਿੰਘ ਕਾਹਲੋਂ ਦੀ ਅਗਵਾਈ ਹੇਠ ਮੁੱਖ ਥਾਣਾ ਅਫਸਰ ਖਮਾਣੋਂ ਥਾਣੇਦਾਰ ਬਲਬੀਰ ਸਿੰਘ ਦੀ ਨਿਗਰਾਨੀ ਹੇਠ ਐੱਸ.ਆਈ. ਕੁਲਵਿੰਦਰ ਸਿੰਘ ਇੰਚਾਰਜ ਸੰਘੋਲ ਚੌਕੀ ਸਮੇਤ ਗਠਿਤ ਕੀਤੀ ਟੀਮ ਨੇ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਇਸ ਕੇਸ ਨੂੰ ਸੁਲਝਾ ਕੇ ਕਥਿਤ ਦੋਸ਼ੀਆਂ ਨੂੰ ਪੰਜ ਦਿਨਾਂ ਦੇ ਅੰਦਰ ਕਾਬੂ ਕਰ ਲਿਆ ਹੈ।

ਡਾ. ਰਵਜੋਤ ਗਰੇਵਾਲ ਨੇ ਦੱਸਿਆ ਕਿ ਪੁਲਸ ਨੇ ਬਾਰੀਕੀ ਨਾਲ ਕੀਤੀ ਤਫਤੀਸ਼ ਅਤੇ ਟੈਕਨੀਕਲ ਟੀਮ ਦੀ ਮਦਦ ਨਾਲ 12 ਨਵੰਬਰ ਨੂੰ ਅਮਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਹਫਿਜ਼ਾਬਾਦ ਥਾਣਾ ਚਮਕੌਰ ਸਾਹਿਬ ਜ਼ਿਲ੍ਹਾ ਰੂਪ ਨਗਰ ਤੇ ਜਸਪ੍ਰੀਤ ਸਿੰਘ ਉਰਫ ਜੱਸੂ ਪੁੱਤਰ ਪ੍ਰਗਟ ਸਿੰਘ ਵਾਸੀ ਕਤਲੌਰ ਥਾਣਾ ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਨੂੰ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ ਤੇ 15 ਨਵੰਬਰ ਨੂੰ ਕਥਿਤ ਦੋਸ਼ੀ ਜਸਪ੍ਰੀਤ ਸਿੰਘ ਉਰਫ ਜੱਸੂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਵਾਰਦਾਤ ਵਿੱਚ ਵਰਤੇ ਗਏ ਦੋ ਨਕਲੀ ਪਿਸਤੌਲ, ਬੈਂਕ ਵਿੱਚੋਂ ਲੁੱਟੀ ਹੋਈ ਰਕਮ ਵਿੱਚੋਂ 60,000/- ਰੁਪਏ ਤੇ 12 ਬੋਰ ਰਾਇਫਲ ਦੇ ਦੋ ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਕਥਿਤ ਦੋਸ਼ੀ ਜਸਪ੍ਰੀਤ ਸਿੰਘ ਉਰਫ ਜੱਸੂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਇਸ ਕੇਸ ਵਿੱਚ ਬਲਵੀਰ ਸਿੰਘ ਉਰਫ ਬੀਰਾ ਪੁੱਤਰ ਸਾਧੂ ਸਿੰਘ ਵਾਸੀ ਹਫਿਜ਼ਾਬਾਦ ਥਾਣਾ ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਵੀ ਸ਼ਾਮਲ ਹੈ, ਜਿਸ 'ਤੇ ਪੁਲਸ ਨੇ ਮੁਕੱਦਮੇ ਵਿੱਚ ਧਾਰਾ 120-ਬੀ ਦਾ ਵਾਧਾ ਕਰਕੇ 15 ਨਵੰਬਰ ਨੂੰ ਉਸ ਨੂੰ ਵੀ ਸਮੇਤ ਟੋਆਇਟਾ ਗਲਾਂਜਾ ਕਾਰ ਨੰਬਰ ਪੀ.ਬੀ.71-ਏ-8070 ਸਮੇਤ ਗ੍ਰਿਫਤਾਰ ਕਰ ਲਿਆ ਗਿਆ।

ਐੱਸ.ਐੱਸ.ਪੀ. ਨੇ ਦੱਸਿਆ ਕਿ ਇਸ ਮੁਕੱਦਮੇ ਦੇ ਇੱਕ ਹੋਰ ਕਥਿਤ ਦੋਸ਼ੀ ਸਰਪੰਚ ਅਮਨਦੀਪ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਹਫਿਜ਼ਾਬਾਦ ਦੀ ਗ੍ਰਿਫਤਾਰੀ ਲਈ ਜਦੋਂ ਉਸ ਦੇ ਘਰ ਰੇਡ ਕੀਤੀ ਗਈ ਤਾਂ ਉਹ ਘਰ 'ਚ ਨਹੀਂ ਮਿਲਿਆ, ਪ੍ਰੰਤੂ ਉਸ ਦੇ ਲੋਅਰ ਦੀ ਜੇਬ ਵਿੱਚੋਂ 65000/- ਰੁਪਏ ਦੀ ਨਗਦੀ ਬਰਾਮਦ ਹੋਈ, ਜੋ ਉਸ ਨੇ ਵਾਰਦਾਤ ਸਮੇਂ ਪਹਿਨੀ ਹੋਈ ਸੀ। ਪੁਲਸ ਉਸ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਵੇਗੀ। ਉਨ੍ਹਾ ਦੱਸਿਆ ਕਿ ਕਥਿਤ ਦੋਸ਼ੀ ਜਸਪ੍ਰੀਤ ਸਿੰਘ ਉਰਫ ਜੱਸੂ ਤੇ ਬਲਵੀਰ ਸਿੰਘ ਉਰਫ ਬੀਰਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਸ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਉਨ੍ਹਾਂ ਤੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਹੋਰ ਤੱਥਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ। ਇਸ ਮੌਕੇ ਐੱਸ. ਪੀ. (ਡੀ.) ਦਿਗਵਿਜੈ ਕਪਿਲ, ਡੀ.ਐੱਸ.ਪੀ. ਖਮਾਣੋਂ ਰਮਿੰਦਰ ਸਿੰਘ ਕਾਹਲੋਂ ਤੋਂ ਇਲਾਵਾ ਹੋਰ ਪੁਲਸ ਅਧਿਕਾਰੀ ਵੀ ਮੌਜੂਦ ਸਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜੀਵਨ ਫਲਸਫਾ ਦੇਸ਼ ਦੀ ਜਵਾਨੀ ਲਈ ਰਾਹ ਦੁਸੇਰਾ : ਢਾਬਾਂ, ਧਰਮੂਵਾਲਾ

## ਏ.ਆਈ.ਐੱਸ.ਐੱਫ. ਵੱਲੋਂ ਸਰਾਭਾ ਦੇ ਸ਼ਹੀਦੀ ਦਿਵਸ ਮੌਕੇ ਸੈਮੀਨਾਰ



**ਜਲਾਲਾਬਾਦ, (ਜੀਤ ਕੁਮਾਰ/ਸਤਨਾਮ ਸਿੰਘ)**-ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਦੇ ਸ਼ਹੀਦੀ ਦਿਨ 'ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜਲਾਲਾਬਾਦ ਵਿਖੇ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਨੂੰ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਮਨ ਧਰਮੂਵਾਲਾ, ਜ਼ਿਲ੍ਹਾ ਕੌਂਸਲ ਮੈਂਬਰ ਅਰਮਾਨ ਟਰਿਆ ਤੇ ਗੁਰਦਿਆਲ ਢਾਬਾਂ ਨੇ ਮਹਾਨ ਸ਼ਹੀਦਾਂ ਦੇ ਜੀਵਨ ਫਲਸਫੇ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਅਦੁੱਤੀ ਸ਼ਾਹਦਤ ਨੇ ਜੰਗੇ ਅਜ਼ਾਦੀ 'ਚ ਨਵੀਂ ਰੂਹ ਫੂਕੀ ਤੇ ਉਨ੍ਹਾਂ ਦੀ ਕੁਰਬਾਨੀ ਦਾ ਸ਼ਹੀਦ ਭਗਤ ਸਿੰਘ 'ਤੇ ਗਹਿਰਾ ਅਸਰ ਹੋਇਆ। ਭਗਤ ਸਿੰਘ ਨੇ ਵੀ ਕਰਤਾਰ ਸਿੰਘ ਸਰਾਭਾ ਵਾਂਗ ਆਪਣੇ ਆਪ ਨੂੰ ਦੇਸ਼ ਖਾਤਰ ਕੁਰਬਾਨ ਕਰ ਦਿੱਤਾ। ਉਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਦਕਾ ਹੀ ਅੱਜ ਦੇਸ਼ ਆਜ਼ਾਦ ਹੈ, ਪਰ ਅਫਸੋਸ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਦੀ ਵਿਚਾਰਧਾਰਾ ਦਾ ਸਮਾਜ ਨਹੀਂ ਸਿਰਜਿਆ। ਉਨ੍ਹਾਂ ਕਿਹਾ ਕਿ ਜਿਵੇਂ ਕਰਤਾਰ ਸਿੰਘ ਸਰਾਭਾ ਵਿਦੇਸ਼ ਜਾ ਕੇ ਉੱਚ ਵਿੱਦਿਆ ਪ੍ਰਾਪਤ ਕਰਨਾ ਚਾਹੁੰਦਾ ਸੀ, ਅੱਜ ਲੱਖਾਂ ਨੌਜਵਾਨ ਆਪਣੀ ਰੋਜ਼ੀ ਰੋਟੀ ਲਈ ਆਪਣੀਆਂ ਜਾਇਦਾਦਾਂ ਵੇਚ ਕੇ ਬਾਹਰ ਵਿਦੇਸ਼ਾਂ ਨੂੰ ਜਾ ਰਹੇ ਹਨ, ਪਰ ਬਾਹਰ ਵੀ ਹਾਲਤ 100 ਸਾਲ ਪਹਿਲਾਂ ਵਰਗੇ ਹੀ ਹਨ, ਜਿਨ੍ਹਾਂ ਹਾਲਤਾਂ ਖਿਲਾਫ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਜੰਗ ਲੜੀ ਸੀ। ਆਗੂਆਂ ਨੇ ਕਿਹਾ ਕਿ ਬੇਰੁਜ਼ਗਾਰੀ ਤੇ ਮਾੜੀ ਆਰਥਿਕਤਾ ਕਾਰਨ ਜਵਾਨੀ ਬਾਹਰ ਉੱਡ ਰਹੀ ਹੈ, ਜਿਸ ਦੇ ਸਿੱਧੇ ਜ਼ਿੰਮੇਵਾਰ ਸਮੇਂ ਦੇ ਹਾਕਮ ਹਨ। ਅੰਤ 'ਚ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਵਿਦੇਸ਼ਾਂ 'ਚ ਰੁਲਣ ਦੀ ਬਜਾਏ ਦੇਸ਼ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਲਈ ਲਾਮਬੰਦੀ ਕਰੀਏ ਅਤੇ 25 ਨਵੰਬਰ ਨੂੰ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਦਿੱਲੀ ਪਾਰਲੀਮੈਂਟ ਮਾਰਚ ਵਿੱਚ ਸ਼ਾਮਲ ਹੋਈਏ।

CMYK

# ਸੂਬਾ ਸਰਕਾਰ ਨੇ ਝੋਨੇ ਦੀ ਨਿਰਵਿਘਨ ਖਰੀਦ ਦਾ ਵਾਅਦਾ ਨਿਭਾਇਆ : ਕਟਾਰੂ ਚੱਕ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮੌਜੂਦਾ ਝੋਨੇ ਦੇ ਸੀਜ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਸਾਰੀਆਂ ਸਬੰਧਤ ਧਿਰਾਂ ਕਿਸਾਨ, ਮਜ਼ਦੂਰ, ਮਿੱਲਰ ਅਤੇ ਆੜ੍ਹਤੀਆਂ ਨਾਲ ਵਾਅਦਾ ਕੀਤਾ ਸੀ ਕਿ ਉਹਨਾਂ ਨੂੰ ਇਸ ਸੀਜ਼ਨ ਦੌਰਾਨ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਸਰਕਾਰ ਆਪਣੇ ਇਸ ਵਾਅਦੇ 'ਤੇ ਪੂਰੀ ਤਰ੍ਹਾਂ ਖਰ੍ਹੀ ਉਤਰੀ ਹੈ ਜਿਸ ਦਾ ਸਬੂਤ ਇਸੇ ਗੱਲ ਤੋਂ ਮਿਲਦਾ ਹੈ ਕਿ ਸਰਕਾਰ ਵੱਲੋਂ ਮੌਜੂਦਾ ਸੀਜ਼ਨ ਦੌਰਾਨ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਕਾਰਨ 184 ਲੱਖ ਮੀਟ੍ਰਿਕ ਟਨ ਝੋਨੇ ਦੇ ਟੀਚੇ ਵਿੱਚੋਂ ਹੁਣ ਤੱਕ 180 ਲੱਖ ਮੀਟ੍ਰਿਕ ਟਨ ਦੀ ਖਰੀਦ ਭਾਰਤ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਘੱਟੋ-ਘੱਟ ਸਮਰਥਨ ਮੁੱਲ 2060 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਦੀ ਖਰੀਦ ਵੀ ਸ਼ਾਮ ਤੱਕ ਮੁਕੰਮਲ ਹੋ ਜਾਵੇਗੀ। ਇੱਥੇ ਅਨਾਜ ਭਵਨ ਵਿਖੇ ਝੋਨੇ ਦੇ ਖਰੀਦ ਸੀਜ਼ਨ ਸਬੰਧੀ ਪੱਤਰਕਾਰਾਂ ਦੇ ਰੂ-ਬ-ਰੂ ਹੁੰਦਿਆਂ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਇਸ ਵਾਰ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਵੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਗਈ ਅਤੇ ਸਮੇਂ ਸਿਰ ਖਰੀਦ ਅਤੇ ਚੁਕਾਈ ਕੀਤੀ ਗਈ। ਖਰੀਦ ਦੇ ਮਹਿਜ਼ 4 ਘੰਟੇ ਮਗਰੋਂ ਹੀ ਕਿਸਾਨਾਂ ਨੂੰ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਅਦਾਇਗੀਆਂ ਕਰ ਦਿੱਤੀਆਂ ਗਈਆਂ। ਹੋਰ ਵੇਰਵੇ ਦਿੰਦਿਆਂ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ 1806 ਰਿਵਾਇਤੀ ਖਰੀਦ ਕੇਂਦਰ ਅਤੇ 583 ਜਨਤਕ ਥਾਵਾਂ ਤੋਂ ਇਲਾਵਾ 37 ਰਾਈਸ ਮਿੱਲਾਂ ਨੂੰ ਆਰਜੀ ਖਰੀਦ ਕੇਂਦਰ ਐਲਾਨ ਕੇ ਅਲਾਟਮੈਂਟ ਕੀਤੀ ਗਈ ਤਾਂ ਜੋ ਕਿਸਾਨਾਂ ਨੂੰ ਕੋਈ ਔਕੜ ਨਾ ਹੋਵੇ। ਉਹਨਾਂ ਅੱਗੇ ਦੱਸਿਆ ਕਿ ਸੂਬੇ ਦੀਆਂ ਖਰੀਦ ਏਜੰਸੀਆਂ ਵੱਲੋਂ ਖਰੀਦੇ ਗਏ ਝੋਨੇ ਦੇ ਕਿਸਾਨਾਂ ਨੂੰ ਹੁਣ ਤੱਕ 34263.40 ਕਰੋੜ ਰੁਪਏ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੁਆਰਾ ਅਦਾ ਕੀਤੇ ਜਾ ਚੁੱਕੇ ਹਨ। ਉਹਨਾਂ ਅੱਗੇ ਦੱਸਿਆ ਕਿ ਸੂਬੇ ਦੇ ਬਹੁਤੇ ਜ਼ਿਲ੍ਹਿਆਂ ਦੀਆਂ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖਰੀਦ ਅੱਜ ਤੋਂ ਬੰਦ ਕੀਤੀ ਜਾ ਚੁੱਕੀ ਹੈ ਅਤੇ ਕੁਝ ਕੁ ਸਥਾਨਾਂ 'ਤੇ ਰਹਿੰਦੀ ਖਰੀਦ ਪ੍ਰਕਿਰਿਆ ਵੀ ਅੱਜ ਸ਼ਾਮ ਤੱਕ ਮੁਕੰਮਲ ਹੋ ਜਾਵੇਗੀ। ਝੋਨੇ ਦੇ ਸੀਜ਼ਨ ਦੌਰਾਨ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਕਟਾਰੂਚੱਕ ਨੇ ਵਿਭਾਗ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਦੀ ਵੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਦੂਜੇ ਸੂਬਿਆਂ ਤੋਂ ਅਣਅਧਿਕਾਰਤ ਤੌਰ 'ਤੇ ਆਉਣ ਵਾਲੇ ਝੋਨੇ ਦੀ ਰੋਕਥਾਮ ਸਬੰਧੀ ਕੀਤੇ ਸੁਚੱਜੇ ਇੰਤਜ਼ਾਮਾਂ ਲਈ ਪੰਜਾਬ ਪੁਲਿਸ ਦੀ ਵੀ ਸਿਫ਼ਤ ਕੀਤੀ ਜਿਹਨਾਂ ਵੱਲੋਂ ਪੰਜਾਬ ਦੇ ਨਾਲ ਲੱਗਦੇ ਅੰਤਰਰਾਜੀ ਬੈਰੀਅਰਾਂ 'ਤੇ ਨਾਕੇ ਲਗਾਏ ਗਏ ਸਨ। ਹੋਰ ਮੁੱਦਿਆਂ ਸਬੰਧੀ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਜਿੱਥੋਂ ਤੱਕ ਨੀਲੇ ਕਾਰਡਾਂ ਦੀ ਵੈਰੀਫਿਕੇਸ਼ਨ ਦਾ ਸਬੰਧ ਹੈ ਤਾਂ ਇਹ 30 ਨਵੰਬਰ ਤੱਕ ਪੂਰੀ ਕਰ ਲਈ ਜਾਵੇਗੀ ਤਾਂ ਜੋ ਸਿਰਫ਼ ਯੋਗ ਲਾਭਪਾਤਰੀਆਂ ਨੂੰ ਹੀ ਇਹ ਸੁਵਿਧਾ ਹਾਸਿਲ ਹੋ ਸਕੇ। ਉਹਨਾਂ ਇਸ ਸਬੰਧੀ ਖੁਸ਼ੀ ਜ਼ਾਹਿਰ ਕੀਤੀ ਕਿ ਸਰਕਾਰ ਵੱਲੋਂ ਉਲੀਕੀ ਕਸਟਮ ਮਿਲਿੰਗ ਨੀਤੀ ਦੀ ਭਾਰਤ ਸਰਕਾਰ ਵੱਲੋਂ ਸ਼ਲਾਘਾ ਕੀਤੀ ਗਈ ਹੈ ਅਤੇ ਸੂਬੇ ਨੂੰ ਇਹ ਜਾਣਕਾਰੀ ਦੂਜੇ ਸੂਬਿਆਂ ਨਾਲ ਵੀ ਸਾਂਝੀ ਕਰਨ ਲਈ ਕਿਹਾ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ, ਡਾਇਰੈਕਟਰ ਸ੍ਰੀ ਘਣਸ਼ਿਆਮ ਥੋਰੀ ਅਤੇ ਹੋਰ ਵਿਭਾਗੀ ਅਧਿਕਾਰੀ ਹਾਜ਼ਰ ਸਨ।

# ਚਾਇਨਾ ਡੋਰ ਦੇ 38 ਗੱਟੂਆਂ ਸਮੇਤ ਗ੍ਰਿਫ਼ਤਾਰ

**ਰੋਪੜ ( ਬਿੰਦਰਾ )** ਚਾਈਨਾ ਡੋਰ ਨਾਲ ਇਕ 13 ਸਾਲਾ ਬੱਚੇ ਦੀ ਮੌਤ ਹੋਣ ਕਾਰਨ ਮੁੱਖ ਮੰਤਰੀ ਨੇ ਪੁਲਿਸ ਨੂੰ ਇਸ ਸਬੰਧੀ ਸਖਤ ਕਾਰਵਾਈ ਕਰਨ ਦੇ ਆਦੇਸ ਦਿੱਤੇ ਹਨ। ਜਿਸ 'ਤੇ ਰੋਪੜ ਪੁਲਿਸ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਿਆ ਹੈ। ਜ਼ਿਲ੍ਹੇ ਵਿੱਚ ਐਸ ਡੀ ਐਮ ਨੇ ਖੁਦ ਬਾਜਾਰਾਂ ਵਿੱਚ ਜਾ ਕੇ ਚੈਕਿੰਗ ਕੀਤੀ ਗਈ ਅਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਚਾਈਨਾ ਡੋਰ ਨਾ ਵੇਚਣ ਕਿਉਂਕਿ ਇਹ ਬਹੁਤ ਹੀ ਖਤਰਨਾਕ ਹੈ ਅਤੇ ਇਸ ਨਾਲ ਕਈ ਬੱਚੇ ਜਖਮੀ ਹੋਏ ਹਨ। ਸਿਟੀ ਪੁਲਿਸ ਨੇ ਇਸ ਸਬੰਧੀ ਕਾਰਵਾਈ ਕਰਦੇ ਹੋਏ ਮੁੱਹਲਾ ਛੋਟਾ ਖੇੜਾ ਵਿੱਚ ਛਾਪਾ ਮਾਰਕੇ 38 ਗਟੂ ਚਾਈਨਾ ਡੋਰ ਦੇ ਬ੍ਰਾਮਦ ਕੀਤੇ ਅਤੇ ਪ੍ਰਦੀਪ ਕੁਮਾਰ ਪੁੱਤਰ ਸ਼ਿਆਮ ਸੁੰਦਰ ਨੂੰ ਗ੍ਰਿਫਤਾਰ ਕੀਤਾ ਹੈ। ਐਸ ਐਚ ਓ ਪਵਨ ਕੁਮਾਰ ਨੇ ਕਿਹਾ ਹੈ ਕਿ ਚਾਈਨਾ ਡੋਰ ਵੇਚਣ ਵਾਲੇ, ਸਟਾਕ ਰੱਖਣ ਵਾਲੇ ਅਤੇ ਵਰਤਣ ਵਾਲੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਰੂਪਨਗਰ ਡਾ ਪ੍ਰੀਤੀ ਯਾਦਵ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਚਾਈਨਾ ਡੋਰ ਵਰਤੋਂ ਨਾ ਕਰਨ ਦੇਣ।

# ਪੁਲਸ ਨੇ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਚਲਾਈ ਵਿਸ਼ੇਸ਼ ਮੁਹਿੰਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੌਰਵ ਯਾਦਵ, ਆਈ.ਪੀ.ਐਸ., ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਰ.ਕੇ. ਜਾਇਸਵਾਲ, ਆਈ.ਪੀ.ਐਸ., ਇੰਸਪੈਕਟਰ ਜਨਰਲ ਪੁਲਿਸ, ਐਸ.ਟੀ.ਐਫ. ਅਤੇ ਸਰਤਾਜ ਸਿੰਘ ਚਾਹਲ, ਆਈ.ਪੀ.ਐਸ., ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਨਸ਼ਾ ਵੇਚਣ ਵਾਲਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਦੇ ਖਿਲਾਫ ਵਿਸ਼ੇਸ਼ ਮੁਹਿਮ ਚਲਾਉਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਏਰੀਆ ਨੂੰ ਸੈਕਟਰਾਂ ਵਿੱਚ ਵੰਡ ਕੇ ਵਿਸ਼ੇਸ਼ ਮੁਹਿਮ ਚਲਾਈ ਗਈ ਅਤੇ ਇਨਾਂ ਸੈਕਟਰਾਂ ਦੀ ਸੁਪਰਵੀਜਨ ਗਜਟਿਡ ਅਫਸਰਾਂ ਨੂੰ ਦਿੱਤੀ ਗਈ। ਇਸ ਸਰਚ ਅਪਰੇਸ਼ਨ ਵਿੱਚ 09 ਪੁਲਿਸ ਗਜਟਿਡ ਅਫਸਰ, 221 ਐਨ.ਜੀ.ਓਜ਼ ਅਤੇ 215 ਈ.ਪੀ.ਉਜ਼ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਜਿਲ੍ਹਾ ਹਜਾ ਦੇ ਵੱਖ-ਵੱਖ ਏਰੀਆ ਵਿੱਚ ਸਰਚ ਅਪਰੇਸ਼ਨ ਕੀਤਾ ਗਿਆ ਹੈ। ਜੋ ਇਸ ਸਰਚ ਅਪਰੇਸ਼ਨ ਦੌਰਾਨ ਵੱਖ-ਵੱਖ ਥਾਣਿਆਂ ਵਿੱਚ 09 ਮੁਕੱਦਮੇ ਦਰਜ ਕਰਕੇ 07 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜਿਹਨਾਂ ਪਾਸੋਂ ਡਰੱਗ ਮਨੀ 164270/- ਰੁਪਏ, ਡੋਡੇ ਚੂਰਾ ਪੋਸਤ 53 ਕਿਲੋਗ੍ਰਾਮ, ਨਸ਼ੀਲੀਆਂ ਗੋਲੀਆਂ 1290, ਨਸ਼ੀਲਾ ਪਾਊਡਰ 1066 ਗ੍ਰਾਮ, ਮੋਬਾਇਲ 15, ਪਿਸਟਲ 01, ਰਾਈਫਲ 01, ਦੂਰਬੀਨ 01, ਰੌਂਦ 02 ਅਤੇ 07 ਖਾਲੀ ਰੌਂਦ ਬ੍ਰਾਮਦ ਕੀਤੇ ਗਏ।

# ਸ਼ਹੀਦ ਸਰਾਭੇ ਵਾਂਗ ਲੋਕਾਂ ਨੂੰ ਜਥੇਬੰਦ ਕਰਕੇ ਘੋਲ ਕੀਤੇ ਜਾਣ : ਸੰਗਰਾਮੀ



**ਫਿਲੌਰ (ਹਰਜਿੰਦਰ ਕੌਰ ਚਾਹਲ)**

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੀ ਤਹਿਸੀਲ ਕਮੇਟੀ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਨੌਜਵਾਨਾਂ ਦੀਆਂ ਮੰਗਾਂ ਅਤੇ ਆਪ ਸਰਕਾਰ ਦੀ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਪੂਰੇ ਕਰਵਾਉਣ ਲਈ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ । ਇਸ ਮੌਕੇ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ, ਤਹਿਸੀਲ ਸਕੱਤਰ ਮੱਖਣ ਸੰਗਰਾਮੀ ਨੇ ਸਾਂਝੇ ਬਿਆਨ ਰਾਹੀ ਦੱਸਿਆ ਕਿ ਸਭ ਤੋ ਛੋਟੀ ਉਮਰ ਦੇ ਸ਼ਹੀਦ ਗਦਰੀ ਬਾਬਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਤੋਂ ਸੇਧ ਲੈਦਿਆਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਜਥੇਬੰਦ ਘੋਲ ਕਰਨੇ ਚਾਹੀਦੇ ਹਨ । ਇਸ ਮੌਕੇ ਤਹਿਸੀਲ ਪ੍ਰਧਾਨ ਗੁਰਦੀਪ ਬੇਗਮਪੁਰ ਨੇ ਦੱਸਿਆਂ ਕਿ ਸਰਕਾਰ ਪਾਸੋਂ ਨੌਜਵਾਨਾਂ ਲਈ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਜਾਂ ਬੇਰੁਜ਼ਗਾਰੀ ਭੱਤਾ ਅਤੇ ਵਿਦਿਆਰਥੀਆਂ ਲਈ ਬੱਸ ਪਾਸ ਦਾ ਹਰ ਸਰਕਾਰੀ ਅਤੇ ਗੈਰ ਸਰਕਾਰੀ ਬੱਸ ਅੰਦਰ ਯਕੀਨੀ ਤੌਰ 'ਤੇ ਲਾਗੂ ਕਰਵਾਉਣ, ਸਿਹਤ ਸਹੂਲਤ ਦੇ ਬਿਹਤਰ ਪ੍ਰਬੰਧ ਲਈ ਸਰਕਾਰੀ ਤੌਰ 'ਤੇ ਨਵੀਂ ਤਕਨੀਕ ਨਾਲ ਵਿਕਸਿਤ ਔਜਾਰਾਂ ਮੁਕੰਮਲ ਪ੍ਰਬੰਧ ਕਰਨ ਅਤੇ ਨਸ਼ਿਆਂ ਦੇ ਠੋਸ ਹੱਲ ਲਈ ਨਸ਼ਾ ਸਮੱਗਲਰ ਅਤੇ ਸਿਆਸੀ ਗੁੰਡਾਰਾਜ ਨੂੰ ਨੱਥ ਪਾ ਕੇ ਨੌਜਵਾਨਾਂ ਦੇ ਭਵਿੱਖ ਦਾ ਸਥਾਈ ਹੱਲ ਕਰਨ, ਪਿੰਡਾਂ ਅੰਦਰ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਯਕੀਨੀ ਹੋਣ, ਚੋਣਾਂ ਦੌਰਾਨ ਹਰ ਵਰਗ ਨਾਲ ਕੀਤੇ ਵਾਅਦੇ ਪੂਰੇ ਕਰਨ ਆਦਿ ਮੰਗਾਂ ਨੂੰ ਲੈ ਕੇ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਅਜੇ ਫਿਲੌਰ, ਬਲਵੀਰ ਗੋਗੀ, ਜੱਸਾ ਰੁੜਕਾਂ, ਰਾਜਵੀਰ ਸੰਧੂ, ਅਮਰੀਕ ਰੁੜਕਾਂ, ਸ਼ਰਨਦੀਪ ਪ੍ਰਤਾਬਪੁਰਾਂ, ਦਿਲਜੋਤ ਦੂਲੇ, ਨਨਤੂ, ਪਰਮਿੰਦਰ ਬੇਗਮਪੁਰ, ਸਾਬੀ, ਗੁਰਪ੍ਰੀਤ ਵਿਰਕ ਆਦਿ ਸਾਥੀ ਹਾਜਰ ਸਨ।

# ਜੀ ਡੀ ਗੋਇਨਕਾ ਸਕੂਲ 'ਚ ਬਾਲ ਦਿਵਸ ਮਨਾਇਆ



**ਕਪੂਰਥਲਾ, (ਹਨੀ)**

ਜੀ. ਡੀ. ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਟਾਫ਼ ਮੈਂਬਰਾਂ ਦੀ ਅਗਵਾਈ ਵਿਚ ਬਾਲ ਦਿਵਸ ਸਬੰਧੀ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ ਅਤੇ ਸਕੱਤਰ ਪਰਮਿੰਦਰ ਕੌਰ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਪ੍ਰਿੰਸੀਪਲ ਕੰਵਲਜੀਤ ਕੌਰ ਨੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਰਾਹੀਂ ਕੀਤਾ ਗਿਆ । ਗਰੁੱਪ ਡਾਂਸ, ਕਵਿਤਾ ਗਾਇਨ, ਭਾਸਣ , ਗੀਤਾਂ ਆਦਿ ਆਈਟਮਾਂ ਸਮਾਗਮ ਦਾ ਮੁੱਖ ਆਕਰਸ਼ਣ ਰਹੀਆਂ । ਇਸ ਮੌਕੇ ਵਿਦਿਆਰਥੀਆਂ ਲਈ ਮਿਊਜੀਕਲ ਚੇਅਰ, ਟੰਗ ਟਵਿਸਟਰ ਆਦਿ ਮਨੋਰੰਜਨ ਖੇਡਾਂ ਵੀ ਕਰਵਾਈਆਂ ਗਈਆਂ। ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ, ਇਕ ਵਧੀਆ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।

# ਪੁਲਸ ਥਾਣਾ ਸ੍ਰੀ ਚਮਕੌਰ ਸਾਹਿਬ ਵਿਖੇ ਡੇਂਗੂ ਤੋਂ ਬਚਾਅ ਲਈ ਸਪਰੇਅ ਕਰਵਾਈ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਿਹਤ ਵਿਭਾਗ ਸ੍ਰੀ ਚਮਕੌਰ ਸਾਹਿਬ ਦੀ ਟੀਮ ਵੱਲੋਂ ਪੁਲਸ ਥਾਣਾ ਸ੍ਰੀ ਚਮਕੌਰ ਸਾਹਿਬ ਵਿਖੇ ਡੇਂਗੂ ਤੋਂ ਬਚਾਅ ਲਈ ਮੱਛਰ ਮਾਰਨ ਲਈ ਟੈਮੀਫੋਸ ਦਵਾਈ ਦਾ ਸਪਰੇਅ ਕੀਤਾ ਗਿਆ। ਇਸ ਮੌਕੇ 'ਤੇ ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਨੇ ਕਿਹਾ ਕਿ ਡੇਂਗੂ ਦੇ ਲਾਰਵੇ ਨੂੰ ਖਤਮ ਕਰਨ ਲਈ ਕੰਟੇਨਰ ਚੈੱਕ ਕੀਤੇ ਜਾ ਰਹੇ ਹਨ ਅਤੇ ਲਾਰਵਾ ਮਿਲਣ ਵਾਲੇ ਕੰਟੇਨਰਾਂ ਨੂੰ ਸਾਫ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਆਪ ਨਿਜੀ ਧਿਆਨ ਦੇ ਕੇ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਨ ਦੇਣ ਤੇ ਖੜ੍ਹੇ ਪਾਣੀ ਦਾ ਜੇਕਰ ਕੋਈ ਹੱਲ ਨਾ ਹੋਵੇ ਤਾਂ ਉਥੇ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ, ਕਿਉਂਕਿ ਸਾਫ ਪਾਣੀ ਜਿਨ੍ਹਾ ਥਾਂਵਾ ਤੇ ਖੜ੍ਹਾ ਹੋਵੇਗਾ ਉਥੇ ਡੇਂਗੂ ਦੇ ਮੱਛਰ ਦਾ ਲਾਰਵਾ ਪੈਦਾ ਹੁੰਦਾ ਹੈ। ਇਸ ਮੌਕੇ 'ਤੇ ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਨੇ ਕਿਹਾ ਕਿ ਜੇਕਰ ਕਿਸੀ ਵਿਅਕਤੀ ਨੂੰ ਤੇਜ ਸਿਰ ਦਰਦ ਤੇ ਤੇਜ਼ ਬੁਖਾਰ ਹੋਵੇ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਵੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਜੀ ਕੱਚਾ ਹੋਣਾ ਅਤੇ ਉਲਟੀਆਂ ਲੱਗਣਾ ਹਾਲਤ ਖਰਾਬ ਹੋਣ ਤੇ



ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਇਹ ਡੇਂਗੂ ਦੇ ਲੱਛਣ ਹੋ ਸਕਦੇ ਹਨ। ਇਸ ਲਈ ਸਰਕਾਰੀ ਹਸਪਤਾਲ ਵਿੱਚ ਜਾ ਕੇ ਡਾਕਟਰ ਤੋਂ ਆਪਣਾ ਮੁਆਇਨਾ ਕਰਵਾ ਕੇ ਟੈਸਟ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਤੇ ਜਸਵਿੰਦਰ ਸਿੰਘ ਬ੍ਰੀਡ ਚੈਕਰ ਵੱਲੋਂ ਥਾਣਾ ਸ੍ਰੀ ਚਮਕੌਰ ਸਾਹਿਬ ਦੇ ਵੱਖ-ਵੱਖ ਏਰੀਏ ਵਿੱਚ ਸਪਰੇਅ ਕੀਤਾ ਗਿਆ।

# ਸਮਾਜ ਸੇਵੀ ਕਾਰਜਾਂ ਲਈ ਪ੍ਰੋਫੈਸਰ ਸੁਨੇਤ ਨੂੰ ਕੀਤਾ ਸਨਮਾਨਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਵ ਸ਼ਾਂਤੀ ਅਤੇ ਅੰਤਰਰਾਸ਼ਟਰੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਲਈ ਦਰਬਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ, ਬੁਲੰਦਪੁਰੀ ਸਾਹਿਬ ਵਿਖੇ ਵਿਸ਼ਵ ਸ਼ਾਂਤੀ ਦੀ ਸਥਾਪਨਾ ਅਤੇ ਸਰਬ-ਧਰਮ ਰੂਹਾਨੀ ਅੰਤਰਰਾਸ਼ਟਰੀ ਸੰਮੇਲਨ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਈਆਂ ਸ਼ਖ਼ਸੀਅਤਾਂ ਵੱਲੋਂ ਜਿਥੇ ਸ਼੍ਰੀ ਗੁਰੂ ਨਾਨਕ ਦੇਵ ਵੱਲੋਂ ਮਨੁੱਖਤਾ ਦੀ ਸੇਵਾ ਅਤੇ ਕਲਿਆਣ ਲਈ ਦਿੱਤੇ ਉਪਦੇਸ਼ਾਂ ਬਾਰੇ ਚਾਨਣਾ ਪਾਇਆ ਉਥੇ ਸਰਬੱਤ ਦੇ ਭਲੇ, ਸਰਬਸਾਂਝੀਵਾਲਤਾ, ਅੰਤਰਰਾਸ਼ਟਰੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਵਿਸ਼ਵ ਸ਼ਾਂਤੀ ਦੀ ਸਥਾਪਨਾ ਅਤੇ ਸਰਬ ਧਰਮ ਰੂਹਾਨੀਅਤ ਦੇ ਸੰਕਲਪ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਖੇਤਰਾਂ ਵਿੱਚ ਮਾਨਵਤਾ ਦੀ ਸੇਵਾ ਲਈ ਕਾਰਜ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਦਮਦਮਾ ਸਾਹਿਬ ਤੋਂ ਵਿਸ਼ੇਸ਼ ਤੌਰ ਤੇ ਆਏ ਪੰਜ ਪਿਆਰਿਆਂ ਵੱਲੋਂ ਸਨਮਾਨ ਕੀਤਾ ਗਿਆ। ਹੁਸ਼ਿਆਰਪੁਰ ਦੇ ਸਮਾਜ ਸੇਵੀ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਜੋ ਕਿ ਲੰਮੇ ਸਮੇਂ ਤੋਂ ਮਾਨਵਤਾ ਦੀ ਸੇਵਾ ਲਈ ਭਾਈ ਘਨੱਈਆ ਜੀ ਮਿਸ਼ਨ ਅਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਸੇਵਾਂਵਾ ਨਿਭਾਅ ਰਹੇ ਹਨ ਅਤੇ ਵਿਸ਼ੇਸ਼ ਤੌਰ ਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਸੇਵਾ ਲਈ ਕਾਰਜ ਕਰ ਰਹੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਤ ਕਰਨ ਲਈ ਜੋ ਵਿਸ਼ੇਸ਼ ਉਪਰਾਲੇ ਕਰ ਰਹੇ ਹਨ ਤਾਂ ਇਹ ਲੋਕ ਵੀ ਸਮੇਂ ਦੇ ਹਾਣੀ ਬਣ ਸਕਣ ਨੂੰ ਵੀ ਇਸ ਮੌਕੇ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋਫੈਸਰ ਸੁਨੇਤ ਇਸ ਮਾਣ ਸਤਿਕਾਰ ਲਈ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਬੂਟਾ ਸਿੰਘ ਪੰਡੋਰੀ, ਰਸ਼ਪਾਲ ਸਿੰਘ, ਓਂਕਾਰ ਸਿੰਘ ਧਾਮੀ, ਹਰਜੀਤ ਸਿੰਘ ਨੰਗਲ, ਇੰਜ ਜਸਬੀਰ ਸਿੰਘ, ਮਨਮੋਹਨ ਸਿੰਘ, ਬਲਜੀਤ ਸਿੰਘ ਪਨੇਸਰ, ਗੁਰਪ੍ਰੀਤ ਸਿੰਘ ਵੱਲੋਂ ਪ੍ਰੋਫੈਸਰ ਸੁਨੇਤ ਨੂੰ ਇਸ ਸਨਮਾਨ ਲਈ ਮੁਬਾਰਕਬਾਦ ਦਿੱਤੀ।

# ਪਿਪਸ ਸਕੂਲ 'ਚ ਬਾਲ ਦਿਵਸ ਮਨਾਇਆ




**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਨੁਰਾਧਾ ਧੀਮਾਨ ਨੇ ਦੱਸਿਆ ਕਿ ਸਮਾਗਮ ਆਗਾਜ ਬੱਚਿਆਂ ਦੁਆਰਾ ਤਿਆਰ ਕੀਤੇ ਬਹੁਤ ਹੀ ਸੁੰਦਰ ਸ਼ਬਦ ਗਾਇਨ ਦੁਆਰਾ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਵੱਖ -ਵੱਖ ਗਤੀਵਿਧੀਆਂ ਰਾਹੀਂ ਬਾਲ ਦਿਵਸ ਦੀ ਖੁਸ਼ੀ ਨੂੰ ਸਾਂਝਾ ਕੀਤਾ। ਵਿਦਿਆਰਥੀਆਂ ਵੱਲੋਂ ਵੱਖ -ਵੱਖ ਪ੍ਰਕਾਰ ਦੀ ਕੋਰੀਓਗ੍ਰਾਫੀ, ਗਰੁੱਪ ਸੌਂਗ, ਗਰੁੱਪ ਡਾਂਸ, ਗੀਤ, ਕਵਿਤਾਵਾਂ, ਨਸ਼ਿਆਂ ਨੂੰ ਠੱਲ੍ਹ ਪਾਉਣ ਸਬੰਧੀ ਨਾਟਕ, ਗਿੱਧਾ ਅਤੇ ਭੰਗੜਾ ਆਦਿ ਦੀ ਪੇਸ਼ਕਾਰੀ ਰਾਹੀਂ ਆਪਣੇ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਸਮਾਗਮ ਦੌਰਾਨ ਵੱਖ- ਵੱਖ ਬੁਲਾਰਿਆਂ ਵੱਲੋਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਨਾਲ ਸਬੰਧਤ ਵੱਖ ਵੱਖ ਘਟਨਾਵਾਂ ਉੱਤੇ ਚਾਨਣਾ ਪਾਉਂਦੇ ਹੋਏ ਬਾਲ ਦਿਵਸ ਮਨਾਉਣ ਸਬੰਧੀ ਆਪਣੇ- ਆਪਣੇ ਵਿਚਾਰ ਸਾਂਝੇ ਕੀਤੇ ਗਏ। ਸਮਾਗਮ ਦੌਰਾਨ ਹੀ ਸਪੋਰਟਸ ਅਤੇ ਅਕਾਦਮਿਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸੇਸ ਰੂਪ ਵਿੱਚ ਸਨਮਾਨਿਤ ਵੀ ਕੀਤਾ ਗਿਆ।

# ਦਿਵਿਆਂਗ ਵਿਅਕਤੀਆਂ ਨੂੰ ਪਛਾਣ ਦੇਣ ਲਈ ਯੂ ਡੀ ਆਈ ਡੀ ਕੈਂਪ ਅੱਜ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਜ਼ਿਲ੍ਹਾ ਸਮਾਜਿਕ ਸੁੱਰਿਖਆ ਅਫਸਰ ਰੂਪਨਗਰ ਅਤੇ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ 18 ਨਵੰਬਰ ਨੂੰ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਵਿਸ਼ੇਸ ਕੈਂਪ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿਚ ਰੂਪਨਗਰ ਤੋਂ ਅੱਖਾਂ, ਕੰਨਾਂ, ਦਿਮਾਗੀ, ਹੱਡੀਆ, ਤੇ ਮਾਹਿਰ ਡਾਕਟਰਾਂ ਵੱਲੋਂ ਮੌਕੇ 'ਤੇ ਹੀ ਚੈਕਅਪ ਕਰਕੇ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਡਾ.ਜਾਸਮੀਨ ਪਰਮਾਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਕੇ ਉਨ੍ਹਾਂ ਦੀ ਅਸਮਰੱਥਾ ਮੁਤਾਬਿਕ ਸਰਟੀਫਿਕੇਟ ਜਾਰੀ ਕੀਤੇ ਜਾਣਗੇ। ਜਿਸ ਦੇ ਅਧਾਰ 'ਤੇ ਉਸ ਦਾ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਰੂਪਨਗਰ ਰਾਹੀਂ ਯੂ.ਡੀ.ਆਈ.ਡੀ ਸਰਟੀਫਿਕੇਟ ਬਣਾਇਆ ਜਾਂਦਾ ਹੈ, ਜੋ ਉਸ ਦੇ ਦਿਵਿਆਂਗ ਹੋਣ ਨੂੰ ਤਸਦੀਕ ਕਰਦਾ ਹੈ ਅਤੇ ਦਿਵਿਆਂਗ ਵਿਅਕਤੀ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਦਾ ਲਾਭ ਲੈ ਸਕਦਾ ਹੈ। ਮੌਜੂਦਾ ਹਾਲਾਤ ਵਿਚ ਇਸ ਲਈ ਯੂ.ਡੀ.ਆਈ.ਡੀ ਕਾਰਡ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ, ਜੋ ਕਿ ਆਨਲਾਈਨ ਵੀ ਉਪਲੱਬਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਵੀ ਦਿਵਿਆਂਗ ਵਿਅਕਤੀਆਂ ਦੇ ਅਜੇ ਤੱਕ ਯੂ.ਡੀ.ਆਈ.ਡੀ ਕਾਰਡ ਨਹੀਂ ਬਣੇ ਹਨ ਉਹ ਪਹਿਲਾਂ ਸੁਵਿਧਾ ਕੇਂਦਰ ਸ੍ਰੀ ਚਮਕੌਰ ਸਾਹਿਬ ਵਿਖੇ ਜਾ ਕੇ ਅਪਲਾਈ ਕਰਕੇ 18 ਨਵੰਬਰ ਨੂੰ ਸੀ.ਐਚ.ਸੀ ਚਮਕੌਰ ਸਾਹਿਬ ਆਉਣ ਤਾਂ ਜੋ ਮਾਹਿਰ ਡਾਕਟਰਾਂ ਵੱਲੋਂ ਚੈੱਕ-ਅੱਪ ਕਰਕੇ ਉਨ੍ਹਾਂ ਦਾ ਯੂ.ਡੀ.ਆਈ.ਦੀ ਕਾਰਡ ਬਣ ਸਕੇ।

# ਸਬ-ਸੈਂਟਰ ਕੰਦੋਲਾਂ ਕਲਾਂ ਵਿਖੇ ਸਾਹ ਦੀ ਬਿਮਾਰੀ ਬਾਰੇ ਦੱਸਿਆ



**ਨੂਰਮਹਿਲ ( ਬਾਲੀ)**

ਸਬ ਸੈਂਟਰ ਕੰਦੋਲਾਂ ਕਲਾ ਵਿਖੇ ਲੋਕਾਂ ਨੂੰ ਸਾਹ ਦੀ ਬਿਮਾਰੀ ਬਾਰੇ ਜਾਣੂ ਕਰਵਾਇਆ ਗਿਆ। ਕੁਲਵਿੰਦਰ ਕੌਰ ਐਮ ਪੀ ਐਚ ਡਬਲਯੂ (ਐਫ) ਅਤੇ ਸੀਐਚਓ ਨੇ ਮਾਵਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 0 ਤੋਂ 5 ਸਾਲ ਦੇ ਛੋਟੇ ਬੱਚਿਆਂ ਨੂੰ ਇਹ ਬਿਮਾਰੀ ਜਿਆਦਾ ਹੁੰਦੀ ਹੈ। ਇਸ ਬਿਮਾਰੀ ਵਿੱਚ ਬੱਚਿਆਂ ਨੂੰ ਖਾਂਸੀ, ਜੁਕਾਮ ਅਤੇ ਸਾਹ ਜਿਆਦਾ ਚੜਦਾ ਹੈ, ਸਾਹ ਲੈਂਦੇ ਸਮੇਂ ਪਸਲੀ ਅੰਦਰ ਨੂੰ ਧੱਸਦੀ ਹੈ ਤਾਂ ਬੱਚੇ ਨੂੰ ਨਿਮੋਨੀਆ ਦੀ ਸ਼ਿਕਾਇਤ ਹੋ ਸਕਦੀ ਹੈ। ਇਸ ਲਈ ਛੋਟੇ ਬੱਚਿਆਂ ਦਾ ਪੂਰਾ ਟੀਕਾਕਰਣ ਸਮੇਂ 'ਤੇ ਕਰਵਾਇਆ ਜਾਵੇ। ਬੱਚੇ ਨੂੰ ਖਾਣਾ ਦੇਣ ਤੋਂ ਪਹਿਲਾ ਹੱਥਾਂ ਦੀ ਸਾਫ ਸਫਾਈ ਕੀਤੀ ਜਾਵੇ। ਇਸ ਬਿਮਾਰੀ ਦੇ ਲੱਛਣਾਂ ਨੂੰ ਦੇਖਦੇ ਹੋਏ ਡਾਕਟਰ ਦੀ ਸਲਾਹ ਲਈ ਜਾਵੇ ਅਤੇ ਇਲਾਜ ਕਰਵਾਇਆ ਜਾਵੇ। ਇਸ ਸਮੇਂ ਆਸ਼ਾ ਵਰਕਰ ਸਰਬਜੀਤ ਕੌਰ, ਨਿਰਮਲਜੀਤ ਕੌਰ ਅਤੇ ਰਣਜੀਤ ਕੌਰ ਹਾਜਰ ਸਨ।

# ਸਿਹਤ ਹੀ ਅਸਲ ਦੌਲਤ ਹੈ : ਤਿਵਾੜੀ

**ਮੋਹਾਲੀ (ਗੁਰਜੀਤ ਬਿੱਲਾ)**— ਸਿਹਤ ਹੀ ਅਸਲ ਧਨ ਹੈ ਅਤੇ ਇਸ ਦੌਲਤ ਦੀ ਰਾਖੀ ਲਈ ਸਾਨੂੰ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ। ਇਹ ਸ਼ਬਦ ਸ੍ਰੀ ਆਨੰਦਪੁਰ ਸਾਹਿਬ ਦੇ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਆਪਣੇ ਸੰਸਦੀ ਕੋਟੇ ਵਿੱਚੋਂ ਜਾਰੀ ਗਰਾਂਟ ਤਹਿਤ ਸਥਾਪਿਤ ਨਵਾਂ ਗਾਓਂ ਵਿੱਚ ਸੁਖਨਾ ਐਨਕਲੇਵ ਅਤੇ ਟ੍ਰਿਬਿਊਨ ਕਲੋਨੀ ਵਿੱਚ ਦੋ ਨਵੇਂ ਓਪਨ ਏਅਰ ਜਿੰਮ ਸਥਾਨਕ ਵਾਸੀਆਂ ਨੂੰ ਸਮਰਪਿਤ ਕਰਨ ਮੌਕੇ ਕਹੇ। ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਿਹਤ ਹੀ ਅਸਲ ਧਨ ਹੈ ਅਤੇ ਇਸ ਦੌਲਤ ਨੂੰ ਸੰਭਾਲਣ ਲਈ ਸਾਨੂੰ ਰੋਜਾਨਾ ਕਸਰਤ ਕਰਨੀ ਚਾਹੀਦੀ ਹੈ। ਜਿਸ ਕਾਰਨ ਸੁਖਨਾ ਐਨਕਲੇਵ ਅਤੇ ਟ੍ਰਿਬਿਊਨ ਕਲੋਨੀ ਵਿੱਚ ਇਹ ਓਪਨ ਏਅਰ ਜਿੰਮ ਸਥਾਪਿਤ ਕੀਤੇ ਗਏ ਹਨ, ਤਾਂ ਜੋ ਹਰ ਉਮਰ ਵਰਗ ਦੇ ਲੋਕ ਖੁੱਲ੍ਹੀ ਹਵਾ ਵਿੱਚ ਕਸਰਤ ਕਰ ਸਕਣ। ਲੋਕ ਸਭਾ ਹਲਕੇ ਦੇ ਸਰਬਪੱਖੀ ਵਿਕਾਸ ਲਈ ਸੰਸਦੀ ਕੋਟੇ ਵਿੱਚੋਂ ਲਗਾਤਾਰ ਗਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ, ਲਾਈਟਾਂ ਦੀਆਂ ਹੋਰ ਸਮੱਸਿਆਵਾਂ ਸਬੰਧੀ ਵੀ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਕੌਂਸਲਰ ਸੁਸੀਲ ਕੁਮਾਰ, ਕੌਂਸਲਰ ਜਸਪ੍ਰੀਤ ਸਿੰਘ ਗਿੱਲ, ਪੀ.ਐਸ ਭਿੰਡਰ, ਸਤੀਸ਼ ਕੁਮਾਰ ਮਿੱਤਲ, ਮੋਨੀਟਾ ਭਾਰਦਵਾਜ, ਡਾ: ਅਨੁਪਮ ਸਰਮਾ, ਬੀ.ਐਸ ਬੱਗਾ ਆਦਿ ਹਾਜਰ ਸਨ।

# ਹਰਮੀਤ ਸਿੰਘ ਔਲਖ ਨੇ ਸੰਭਾਲਿਆ ਚੇਅਰਮੈਨ ਨਗਰ ਸੁਧਾਰ ਟਰੱਸਟ ਦਾ ਅਹੁਦਾ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓ ਪੀ ਰਾਣਾ)**

ਹਰਮੀਤ ਸਿੰਘ ਔਲਖ ਨੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਦੀ ਮੌਜੂਦਗੀ ਵਿਚ ਚੇਅਰਮੈਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦਾ ਅਹੁਦਾ ਸੰਭਾਲ ਲਿਆ। ਨਗਰ ਸੁਧਾਰ ਟਰੱਸਟ ਵਿਚ ਰੱਖੇ ਸਮਾਗਮ ਦੌਰਾਨ ਨਵ-ਨਿਯੁਕਤ ਚੇਅਰਮੈਨ ਹਰਮੀਤ ਸਿੰਘ ਔਲਖ ਨੇ ਕਿਹਾ ਕਿ ਉਨ੍ਹਾਂ ਦੀ ਪਹਿਲਕਦਮੀ ਨਗਰ ਸੁਧਾਰ ਟਰੱਸਟ ਦੇ ਇਲਾਕੇ ਵਿਚ ਲੋਕਾਂ ਨੂੰ ਬਿਹਤਰ ਸੁਵਿਧਾਵਾਂ ਮੁਹੱਈਆ ਕਰਵਾਉਣਾ ਅਤੇ ਟਰੱਸਟ ਨੂੰ ਵੱਧ ਤੋਂ ਵੱਧ ਮਜ਼ਬੂਤ ਕਰਨਾ ਹੈ। ਉਹ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਲੋਕ ਹਿੱਤ ਵਿਚ ਕੰਮ ਕਰਨਗੇ। ਇਸ ਦੌਰਾਨ ਕੈਬਨਿਟ ਮੰਤਰੀ ਜਿੰਪਾ ਨੇ ਹਰਮੀਤ ਸਿੰਘ ਔਲਖ ਨੂੰ ਮਿਲੀ ਇਸ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਨੌਜਵਾਨ ਦੇ ਮੋਢਿਆ 'ਤੇ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਔਲਖ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਰਮਜੋਤ ਕੌਰ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਇੰਦਰਪਾਲ ਸਿੰਘ, ਕਾਰਕਜਾਰੀ ਅਫ਼ਸਰ ਨਗਰ ਸੁਧਾਰ ਟਰੱਸਟ ਸੁਰਿੰਦਰ ਕੁਮਾਰੀ, ਸੰਦੀਪ ਸੈਣੀ, ਸਤਵੰਤ ਸਿੰਘ ਸਿਆਨ, ਅਜੇ ਵਰਮਾ, ਨਰੇਸ਼ ਬੈਂਸ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਨਗਰ ਨਿਗਮ ਕਮਿਸ਼ਨਰ ਨੇ ਸਫਾਈ ਸੇਵਕਾਂ ਦੀ ਆਊਟਸੋਰਸਿੰਗ ਨੂੰ ਖਤਮ ਕਰਨ ਦੇ ਦਿੱਤੇ ਨਿਰਦੇਸ਼

**ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ)**

ਨਗਰ ਨਿਗਮ ਫਗਵਾੜਾ ਦੇ ਕਮਿਸਨਰ ਡਾ: ਨਯਨ ਜੱਸਲ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਨਗਰ ਨਿਗਮ ਵਿੱਚ ਸਫਾਈ ਸੇਵਕਾਂ (ਸੈਨੇਟਰੀ ਵਰਕਰਾਂ) ਦੀ ਆਊਟਸੋਰਸਿੰਗ ਨੂੰ ਖਤਮ ਕਰਨ ਦੀ ਪ੍ਰਕਿਰਿਆ ਵਿੱਚ ਤੇਜੀ ਲਿਆਉਣ ਤਾਂ ਜੋ ਉਹਨਾਂ ਦੀਆਂ ਸੇਵਾਵਾਂ ਨਿਗਮ ਸਿੱਧੇ ਤੌਰ 'ਤੇ ਲੈ ਸਕੇ ।ਇੱਥੇ ਆਪਣੇ ਦਫਤਰ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਮਿਸ਼ਨਰ ਨੇ ਇਸ ਕਾਰਜ ਨੂੰ ਨਤੀਜਾਮੁਖੀ ਅਤੇ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜ੍ਹਨ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਗੈਰ-ਵਾਜਬ ਅਤੇ ਅਣਚਾਹੇ ਹੈ। ਉਨ੍ਹਾਂ ਕਿਹਾ ਕਿ ਉਹ ਇਸ ਕੰਮ ਦੀ ਪ੍ਰਗਤੀ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨਗੇ ਤਾਂ ਜੋ ਸਫਾਈ ਸੇਵਕਾਂ ਦੀ ਆਊਟਸੋਰਸਿੰਗ ਨੂੰ ਜਲਦੀ ਤੋਂ ਜਲਦੀ ਖਤਮ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਇਸ ਨੇਕ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅੱਗੇ



ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸਫਾਈ ਸੇਵਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆਂ ਨੂੰ ਸਫਾਈ ਸੇਵਕਾਂ ਦੀ ਆਊਟਸੋਰਸਿੰਗ ਨੂੰ ਖਤਮ ਕਰਨ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਕਿਹਾ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਸਿੱਧੇ ਤੌਰ 'ਤੇ ਨਗਰ ਨਿਗਮ ਵੱਲੋਂ ਹਾਇਰ ਕੀਤੀਆਂ ਜਾ ਸਕਣ।

ਉਨ੍ਹਾਂ ਸਪੱਸ਼ਟ ਤੌਰ ਤੇ ਕਿਹਾ ਕਿ ਸਫਾਈ ਸੇਵਕ ਜਿੱਥੇ ਸ਼ਹਿਰ ਨੂੰ ਸਾਫ-ਸੁਥਰਾ ਅਤੇ ਹਰਿਆ-ਭਰਿਆ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਉੱਥੇ ਹੀ ਸਮਾਜ ਦੀ ਸੇਵਾ ਵੀ ਵਧੀਆ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੈਨੇਟਰੀ ਵਰਕਰਾਂ ਨੇ ਹਮੇਸ਼ਾ ਕੰਮ ਲਈ ਮਿਸਾਲੀ ਵਚਨਬੱਧਤਾ ਦਿਖਾਈ ਹੈ ਜੋ ਕਿ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਇਸ ਨੇਕ ਕਾਰਜ ਲਈ ਸਮੁੱਚਾ ਸਮਾਜ ਅਤੇ ਵਿਸ਼ੇਸ਼ ਤੌਰ 'ਤੇ ਉਹ ਖੁਦ ਸਵੱਛਤਾ ਦੇ ਇਹਨਾਂ ਸਿਪਾਹੀਆਂ ਦੇ ਰਿਣੀ ਹਨ। ਉਨ੍ਹਾਂ ਸਪੱਸ਼ਟ ਸਬਦਾਂ ਵਿੱਚ ਕਿਹਾ ਕਿ ਸਮਾਜ ਇਨ੍ਹਾਂ ਬਹਾਦਰਾਂ ਵੱਲੋਂ ਨਿਭਾਈ ਜਾ ਰਹੀ ਵੱਡਮੁੱਲੀ ਸੇਵਾ ਨੂੰ ਕਦੇ ਵੀ ਅਦਾ ਨਹੀਂ ਕਰ ਸਕਦਾ ਅਤੇ ਕਿਹਾ ਕਿ ਸ਼ਹਿਰ ਵਿੱਚ ਸਫਾਈ ਸੇਵਕਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਸਾਲਾਨਾ ਅਥਲੈਟਿਕਸ ਮੀਟ ਸਫਲਤਾਪੂਰਵਕ ਸੰਪੰਨ



**ਬਿਲਗਾ (ਵਿਜੇ ਕੁਮਾਰ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੀਮਾ ਕਲਾਂ ਚੀਮਾ ਖੁਰਦ ਵਿਖੇ ਸਾਲਾਨਾ ਅਥਲੈਟਿਕਸ ਮੀਟ ਐਨ ਆਰ ਆਈ ਅਤੇ ਹੋਰ ਪਤਵੰਤੇ ਸੱਜਣਾਂ ਦੇ ਸਹਿਯੋਗ ਨਾਲ ਸੰਪੰਨ ਕਰਵਾਈ ਗਈ। ਇਸ ਅਥਲੈਟਿਕਸ ਮੀਟ ਵਿਚ ਵਿਦਿਆਰਥੀਆਂ ਨੇ ਆਪਣੇ ਆਪਣੇ ਹਾਊਸ ਅਨੁਸਾਰ ਭਾਗ ਲਿਆ, ਜਿਸ ਵਿਚ 100 ਮੀਟਰ, 200 ਮੀਟਰ, 400 ਮੀਟਰ, 1500 ਮੀਟਰ ਦੌੜ , ਰੀਲੇਅ, ਲੌਂਗ ਜੰਪ, ਹਾਈ ਜੰਪ ਆਦਿ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਵਿਦਿਆਰਥੀਆਂ ਦਾ ਪਾਵਰ ਲਿਫਟਿੰਗ ਦਾ ਸ਼ੋਅ ਮੈਚ ਕਰਵਾਇਆ ਗਿਆ, ਜਿਸ ਵਿਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ ਅਤੇ ਖਾਸ ਤੌਰ 'ਤੇ ਸਕੂਲ ਦੇ ਗਿਆਰਵੀਂ ਕਲਾਸ ਦੇ ਵਿਦਿਆਰਥੀ ਹਰਸ਼ਦੀਪ ਦਾ ਜ਼ਿਲ੍ਹੇ ਵਿਚੋਂ ਪਾਵਰ ਲਿਫਟਿੰਗ ਲਈ ਗੋਲਡ ਮੈਡਲ ਪ੍ਰਾਪਤ ਕਰਨ ਲਈ ਅਤੇ ਸਟੇਟ ਵਿੱਚ ਖੇਡਣ ਲਈ ਚੁਣੇ ਜਾਣ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਅਥਲੈਟਿਕ ਮੀਟ ਵਿਚ ਖਾਸ ਤੌਰ 'ਤੇ ਐਨ ਆਰ ਆਈ ਸੱਜਣ ਗੁਰਮੁੱਖ ਸਿੰਘ ਚੀਮਾਂ, ਤਰਸੇਮ ਸਿੰਘ ਸਾਈਮਨ ਚੀਮਾਂ, ਕਰਨੈਲ ਸਿੰਘ, ਮਨਜੀਤ ਸਿੰਘ, ਬੂਟਾ ਸਿੰਘ, ਮਨਜੀਤ ਕੌਰ,ਅਨੋਖ ਸਿੰਘ, ਜਗਦੀਸ਼ ਸਿੰਘ ਸਰਪੰਚ, ਬੂਟਾ ਰਾਮ ਨੰਬਰਦਾਰ, ਕੁਲਦੀਪ ਸਿੰਘ, ਮਦਨ ਲਾਲ, ਸੁਰਿੰਦਰ ਸਿੰਘ, ਜਤਿੰਦਰ ਸਿੰਘ, ਅਤੇ ਅਮਰਜੀਤ ਸਿੰਘ ਖਾਸ ਤੌਰ 'ਤੇ ਹਾਜਰ ਸਨ। ਪ੍ਰਿੰਸੀਪਲ ਗੁਰਿੰਦਰ ਸਿੰਘ ਅਤੇ ਸਕੂਲ ਮੈਨੇਜਮੈਂਟ ਕਮੇਟੀ ਚੇਅਰਮੈਨ ਖੁਸ਼ਪਾਲ (ਨਾਨਾ) ਨੇ ਐਨ ਆਰ ਆਈ ਵੀਰਾਂ ਅਤੇ ਸਕੂਲ ਦੇ ਸਮੂਹ ਸਟਾਫ ਦਾ ਇਸ ਅਥਲੈਟਿਕ ਮੀਟ ਨੂੰ ਸਫਲਤਾ ਪੂਰਵਕ ਸੰਪੰਨ ਕਰਨ ਲਈ ਧੰਨਵਾਦ ਕੀਤਾ।

# ਬਾਲ ਦਿਵਸ ਧੂਮਧਾਮ ਨਾਲ ਮਨਾਇਆ

**ਨੂਰਮਹਿਲ ( ਬਾਲ ਕ੍ਰਿਸਨ ਬਾਲੀ)**

ਆਰੀਆ ਮਾਡਲ ਸਕੂਲ ਨੂਰਮਹਿਲ ਵਿਖੇ ਬਾਲ ਦਿਵਸ ਵੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਨਰਸਰੀ ਤੋਂ ਯੂ ਕੇ ਜੀ ਜਮਾਤ ਦੇ ਬੱਚਿਆਂ ਨੇ ਅਲਗ ਅਲਗ ਤਰ੍ਹਾਂ ਦੀਆਂ ਪੌਸ਼ਾਕਾਂ ਪਾ ਬਾਲ ਦਿਵਸ ਨੂੰ ਚਾਰ ਚੰਨ ਲਾ ਦਿੱਤੇ। ਜਿਸ ਵਿੱਚ ਬੱਚਿਆਂ ਨੇ ਤਰ੍ਹਾਂ ਤਰ੍ਹਾਂ ਦੀਆਂ ਕਵਿਤਾਵਾਂ ਬੋਲੀਆਂ ਗਈਆਂ। ਬਾਲ ਦਿਵਸ 'ਤੇ ਬੱਚਿਆਂ ਦੁਆਰਾ ਕੇਕ ਵੀ ਕੱਟਿਆ ਗਿਆ। ਜਿਸ ਵਿੱਚ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਗੁਰਜੀਤ ਕੌਰ ਨੇ ਬੱਚਿਆਂ ਦੇ ਮਾਪਿਆਂ ਨੂੰ ਬਾਲ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।



ਇਸੇ ਤਰ੍ਹਾਂ ਲਵ ਕੁਸ਼ ਟਿਊਸ਼ਨ ਸੈਂਟਰ ਨੂਰਮਹਿਲ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੂੰ ਮੈਡਮ ਮੋਨਿਕਾ ਵੱਲੋਂ ਬਾਲ ਦਿਵਸ ਕਿਉਂ ਮਨਾਇਆ ਜਾਂਦਾ ਹੈ ਇਸ ਬਾਰੇ ਬਾਰੇ ਦੱਸਿਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਡਾਂਸ ਗਿੱਧਾ ਅਤੇ ਭੰਗੜਾ, ਭਾਸ਼ਣ ਮੁਕਾਬਲੇ ਕਰਵਾਏ ਗਏ। ਪ੍ਰਧਾਨ ਮਨੀਸ਼ ਗਿੱਲ (ਕਾਲੀ) ਦੁਆਰਾ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ ਗਈ। ਬੱਚਿਆਂ ਖੂਬ ਅਨੰਦ ਮਾਣਿਆ। ਇਸ ਮੌਕੇ 'ਤੇ ਐਮ. ਸੀ. ਨੰਦ ਕਿਸ਼ੋਰ ਗਿੱਲ, ਦਿਨੇਸ ਗਿੱਲ, ਅਸੀਸ ਗਿੱਲ, ਸਿਮਰ ਮੈਡਮ, ਸਹਨਾਜ ਮੈਡਮ, ਰੁਮਾਨੀ ਮੈਡਮ ਅਤੇ ਬੱਚਿਆਂ ਦੇ ਮਾਤਾ ਪਿਤਾ ਹਾਜਰ ਸਨ।

# ਬਾਲ ਮੇਲੇ ਦੌਰਾਨ ਲੁਠੇੜੀ ਸਕੂਲ ਦਾ ਮੈਗਜ਼ੀਨ 'ਹਰਿਆਵਲ' ਕੀਤਾ ਰਿਲੀਜ਼



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਸਕੂਲ ਮੈਗਜ਼ੀਨ ਵਿਦਿਆਰਥੀਆਂ ਵਿੱਚ ਸਾਹਿਤਿਕ ਰੁਚੀਆਂ ਨੂੰ ਪੈਦਾ ਕਰਨ ਵਿਚ ਸਹਾਈ ਸਿੱਧ ਹੁੰਦੇ ਹਨ ਅਤੇ ਉਨ੍ਹਾਂ ਨੂੰ ਮੌਲਿਕ ਲਿਖਤਾਂ ਲਿਖਣ ਦੇ ਸੋਹਣੇ ਰਾਹ 'ਤੇ ਤੋਰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਮੈਗਜ਼ੀਨ ' ਹਰਿਆਵਲ - 2022 ' ਨੂੰ ਰਿਲੀਜ਼ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੈਗਜ਼ੀਨ ਦੇ ਸੰਪਾਦਕ ਧਰਮਿੰਦਰ ਸਿੰਘ ਭੰਗੂ ਅਤੇ ਗੁਰਿੰਦਰ ਸਿੰਘ ਕਲਸੀ ਨੇ ਦੱਸਿਆ ਕਿ ਬਾਲ ਦਿਵਸ ਨੂੰ ਸਮਰਪਿਤ ਲਗਾਏ ਬਾਲ ਮੇਲੇ ਦੌਰਾਨ ਸਕੂਲ ਮੈਗਜ਼ੀਨ ਨੂੰ ਲੋਕ ਅਰਪਿਤ ਕਰਨ ਮੌਕੇ ਬਲਾਕ ਸੰਮਤੀ ਦੇ ਵਾਈਸ ਚੇਅਰਮੈਨ ਜਗਜੀਤ ਸਿੰਘ ਮਾਨ ਅਤੇ ਸਰਪੰਚ ਟਹਿਲ ਸਿੰਘ ਲੁਠੇੜੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਵਿਚ ਤਿਆਰ ਕੀਤੇ ਸਕੂਲ ਮੈਗਜ਼ੀਨ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਰਚਨਾਵਾਂ ਦੇ ਨਾਲ - ਨਾਲ ਜਾਣਕਾਰੀ ਭਰਪੂਰ ਲੇਖ ਵੀ ਸ਼ਾਮਲ ਕੀਤੇ ਗਏ ਹਨ । ਬਾਲ ਮੇਲੇ ਦੌਰਾਨ ਕਰਵਾਏ ਸੁੰਦਰ ਲਿਖਾਈ ਮੁਕਾਬਲੇ ਵਿਚ ਮਹਿਕਪ੍ਰੀਤ ਕੌਰ ਨੇ ਪਹਿਲਾ, ਖੁਸ਼ਪ੍ਰੀਤ ਕੌਰ ਨੇ ਦੂਜਾ ਅਤੇ ਜਸ਼ਨਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਕਵਿਤਾ ਉਚਾਰਨ ਮੁਕਾਬਲੇ 'ਚ ਪ੍ਰਿੰਸ ਕਿਲ੍ਹਾ ਜਮਾਤ ਅੱਠਵੀਂ ਨੇ ਪਹਿਲਾ, ਗੁਰਸੇਵਕ ਸਿੰਘ ਸੱਤਵੀਂ ਨੇ ਦੂਜਾ ਅਤੇ ਸਿਮਰਨ ਕੌਰ ਅੱਠਵੀਂ ਨੇ ਤੀਜਾ ਸਥਾਨ ਹਾਸਲ ਕੀਤਾ । ਬੁਝਾਰਤਾਂ ਬੁੱਝਣ ਮੁਕਾਬਲੇ ਵਿਚ ਨੌਵੀਂ ਜਮਾਤ ਪਹਿਲੇ, ਛੇਵੀਂ ਦੂਜੇ ਅਤੇ ਸੱਤਵੀਂ ਜਮਾਤ ਤੀਜੇ ਸਥਾਨ 'ਤੇ ਰਹੇ। ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਅਤੇ ਪਤਵੰਤਿਆਂ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ, ਮਧੂ ਬਾਲਾ, ਸਰੀਨਾ ਰਾਏ, ਡਾ. ਬਲਜੀਤ ਕੌਰ, ਕੁਲਦੀਪ ਕੌਰ, ਮੋਨਿਕਾ ਸ਼ਰਮਾ, ਲਖਵਿੰਦਰ ਸਿੰਘ, ਸੁਰਮੁੱਖ ਸਿੰਘ, ਮਨਿੰਦਰ ਚੱਢਾ, ਜਸਵਿੰਦਰ ਕੌਰ, ਅਮਨਪ੍ਰੀਤ ਕੌਰ, ਹਰਿੰਦਰ ਕੁਮਾਰ ਕਾਇਨੌਰ, ਰਵਿੰਦਰ ਕੁਮਾਰ, ਦਵਿੰਦਰਪਾਲ ਸਿੰਘ ਬਰਾੜ, ਮੋਨਿਕਾ ਗੁਪਤਾ, ਗੁਰਬਾਜ਼ ਸਿੰਘ, ਮਨਪ੍ਰੀਤ ਕੌਰ, ਲਖਵੀਰ ਸਿੰਘ, ਸ਼ੁਸ਼ਮਿਤਾ ਅਤੇ ਸਤਪਾਲ ਸਿੰਘ ਆਦਿ ਹਾਜ਼ਰ ਸਨ।

18-Nov-PAGE-11.qxd 11/17/2022 11:01 PM Page 1



# 29 ਨੂੰ ਪੰਜਾਬ ਸਰਕਾਰ ਵਿਰੁੱਧ ਮੁਹਾਲੀ 'ਚ ਕੀਤਾ ਜਾਵੇਗਾ ਮੁਜ਼ਾਹਰਾ : ਸਿੱਕਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਪੰਜਾਬ ਰਾਜ ਬਿਜਲੀ ਬੋਰਡ ਆਲਕੇਡਰ ਪੈਨਸ਼ਰਜ਼ ਐਸੋਸੀਏਸ਼ਨ ਸਬ- ਅਰਬਨ ਸਰਕਲ ਅੰਮ੍ਰਿਤਸਰ ਕਮੇਟੀ ਦੀ ਮੀਟਿੰਗ ਪੱਛਮ ਮੰਡਲ ਅੰਮ੍ਰਿਤਸਰ ਵਿਖੇ ਬਲਦੇਵ ਸਿੰਘ ਸਕੱਤਰ, ਰਤਨ ਸਿੰਘ ਘਈ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿਚ ਭਾਰੀ ਗਿਣਤੀ ਵਿਚ ਪੈਨਸ਼ਨਰਾਂ ਨੇ ਭਾਗ ਪਿਆ। ਮੀਟਿੰਗ ਨੂੰ ਪੈਨਸ਼ਨਰ ਆਗੂ ਜਗਤ ਰਾਮ , ਸੋਮਨਾਥ, ਮਲੂਕ ਸਿੰਘ , ਜਤਿੰਦਰ ਕੁਮਾਰ ਲਖਨਪਾਲ , ਸਵਰਨ ਲਾਲ, ਬਲਦੇਵ ਸਿੰਘ , ਬਲਬੀਰ ਸਿੰਘ ਪੰਧੇਰ, ਹਰਭਜਨ ਸਿੰਘ ਝੰਜੋਟੀ ਪ੍ਰੈਸ ਸਕੱਤਰ ਪੰਜਾਬ ਕਮੇਟੀ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ ਘਰੇਲੂ ਬਿਜਲੀ ਦੀ ਰਿਆਇਤ ਦੇਣ ਬਾਰੇ ਅਤੇ 23 ਸਾਲਾ ਸਕੇਲ ਹਰੇਕ ਪੈਨਸ਼ਨਰ ਨੂੰ ਬਿਨਾਂ ਸ਼ਰਤ ਦੇਣ ਬਾਰੇ, ਮੈਡੀਕਲ ਕੈਸ਼ਲੈਸ ਸਕੀਮ ਪਹਿਲ ਦੇ ਅਧਾਰ ਤੇ ਲਾਗੂ ਕਰਨ ਬਾਰੇ, ਮੈਡੀਕਲ ਭੱਤਾ 2500 ਰੁਪਏ ਕਰਨ ਬਾਰੇ । 31/12/2015 ਦੇ ਪਹਿਲੇ ਪੈਨਸ਼ਨਰ ਨੂੰ 2.59 ਫੈਕਟਰ ਨਾਲ ਪੈਨਸ਼ਨ ਫਿਕਸ ਕਰਨ ਬਾਰੇ, ਅਤੇ ਜਨਵਰੀ 2016 ਤੋਂ ਜੂਨ 2021 ਤੱਕ ਬਣਦਾ ਏਰੀਅਰ ਦੇਣ ਬਾਰੇ । ਮਿਤੀ 01/07/2021 ਤੋਂ 30/09/2022 ਤੱਕ 3% ਪ੍ਰਤੀਸ਼ਤ ਡੀ.ਏ. ਦੀ ਕਿਸ਼ਤ ਦਾ ਬਕਾਇਆ ਮਿਤੀ 01/01/2022 ਤੋਂ 30/09/2022 ਤੱਕ 3 % ਪ੍ਰਤੀਸ਼ਤ ਡੀ.ਏ. ਦੀ ਕਿਸ਼ਤ ਦਾ ਬਕਾਇਆ ਦੇਣ ਬਾਰੇ ਪੱਤਰ ਜਾਰੀ ਕਰਨ। ਮਿਤੀ 16/04/2010 ਦੇ ਮ੍ਰਿਤਕ ਕੇਸ ਤਰਸ ਅਧਾਰ ਤੇ ਨੌਕਰੀ ਦੇਣ ਬਾਰੇ ਨੋਟੀਫਿਕੇਸ਼ਨ ਕਰਨਾ। ਜੇਕਰ 28/11/2022 ਤੱਕ ਮੰਗਾਂ ਬਾਰੇ ਨਿਪਟਾਰਾ ਨਹੀ ਕੀਤਾ ਜਾਂਦਾ ਤਾਂ ਮੁਹਾਲੀ ਵਿਖੇ ਪੰਜਾਬ ਸਰਕਾਰ ਵਿੱਤ ਵਿਭਾਗ ਵਿਰੁੱਧ ਸੂਬਾ ਪੱਧਰੀ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੌਕੇ ਮਨਿੰਦਰਜੀਤ ਸਿੰਘ , ਰਾਮੇਸ਼ ਕੁਮਾਰ , ਨਾਰੇਸ਼ ਕੁਮਾਰ , ਹਰਨਾਮ ਦਾਸ ਸਰੀਨ, ਪ੍ਰਮੋਦ ਕੁਮਾਰ , ਅਨੂਪ ਸਿੰਘ , ਸਾਧੂ ਸਿੰਘ , ਜਸਬੀਰ ਸਿੰਘ ਮੁੱਧ, ਕੰਵਲਜੀਤ ਸਿੰਘ ਝੰਜੋਟੀ , ਪ੍ਰਦੀਪ ਕੁਮਾਰ , ਗੁਰਨਾਮ ਸਿੰਘ , ਮਨੋਹਰ ਲਾਲ, ਸੁੱਚਾ ਸਿੰਘ , ਗਿਆਨ ਸਿੰਘ , ਪਲਵਿੰਦਰ ਸਿੰਘ , ਦਵਿੰਦਰ ਸਿੰਘ, ਜਸਵੰਤ ਕੁਮਾਰ, ਗੁਰਮੀਤ ਸਿੰਘ ਭਾਟੀਆ, ਗੁਰਭੇਜ ਸਿੰਘ , ਵੀਰ ਸਿੰਘ , ਸਤਪਾਲ , ਪਿਆਰਾ ਸਿੰਘ , ਹਰਵਿੰਦਰ ਸਿੰਘ , ਸਵਿੰਦਰ ਸਿੰਘ , ਸ਼ੁਭਾਸ ਚੰਦਰ ਆਦਿ ਹਾਜ਼ਰ ਸਨ।



# ਅਪੋਲੋ ਮਾਈਕ੍ਰੋ ਸਿਸਟਮਜ਼ ਲਿਮਟਿਡ ਵੱਲੋਂ ਸ਼ਾਨਦਾਰ ਨਤੀਜਿਆਂ ਦਾ ਐਲਾਨ

**ਚੰਡੀਗੜ੍ਹ** : ਅਪੋਲੋ ਮਾਈਕਰੋ ਸਿਸਟਮਜ਼ ਲਿਮਟਿਡ ਕਸਟਮ-ਬਿਲਟ ਇਲੈਕਟ੍ਰਾਨਿਕਸ ਅਤੇ ਇਲੈਕਟ੍ਰੋ-ਮਕੈਨੀਕਲ ਹੱਲਾਂ ਦੇ ਡਿਜ਼ਾਈਨ, ਵਿਕਾਸ ਅਤੇ ਅਸੈਂਬਲੀ ਵਿੱਚ ਮੋਹਰੀ, ਨੇ 30 ਸਤੰਬਰ 2022 ਨੂੰ ਖਤਮ ਹੋਈ ਤਿਮਾਹੀ ਅਤੇ ਛਿਮਾਹੀ ਲਈ ਸ਼ਾਨਦਾਰ ਨਤੀਜਿਆਂ ਦਾ ਐਲਾਨ ਕੀਤਾ ਹੈ। 30 ਸਤੰਬਰ 2022 ਨੂੰ ਖਤਮ ਹੋਏ ਛਿਮਾਹੀ (ਇਕੱਤਰਿਤ ਪ੍ਰਦਰਸ਼ਨ), ਕੰਪਨੀ ਨੇ ਸਾਲਾਨਾ ਆਮਦਨ ਵਿੱਚ 48% ਦਾ ਵਾਧਾ ਦਰਜ ਕੀਤਾ, ਜੋ ਕਿ ਰੁਪਏ ਤੋਂ ਸੀ। 73.42 ਕਰੋੜ ਤੋਂ ਰੁ. 108.80 ਕਰੋੜ । ਇਸੇ ਮਿਆਦ ਲਈ, ਪੀਏਟੀ 47% ਸਾਲਾਨਾ ਵਾਧਾ ਹੋਇਆ, ਰੁਪਏ ਤੋਂ । 3.33 ਕਰੋੜ ਤੋਂ ਰੁ. 4.92 ਕਰੋੜ । ਅਪੋਲੋ ਮਾਈਕਰੋ ਸਿਸਟਮ ਲਿਮਟਿਡ ਮੁੱਖ ਗਾਹਕਾਂ ਵਜੋਂ ਏਰੋਸਪੇਸ, ਰੱਖਿਆ ਅਤੇ ਪੁਲਾੜ ਲਈ ਅਤਿ ਆਧੁਨਿਕ ਤਕਨੀਕਾਂ ਦੇ ਆਧਾਰ 'ਤੇ ਹੱਲ ਪੇਸ਼ ਕਰਦੀ ਹੈ ਅਤੇ ਰੇਲਵੇ, ਆਟੋਮੋਟਿਵ ਅਤੇ ਹੋਮ ਲੈਂਡ ਸੁਰੱਖਿਆ ਬਾਜ਼ਾਰਾਂ ਲਈ ਹੱਲ ਵੀ ਪ੍ਰਦਾਨ ਕਰਦੀ ਹੈ। ਕੰਪਨੀ ਦੇ ਤਕਨੀਕੀ ਹੱਲਾਂ ਦਾ ਵਿਸ਼ਾਲ ਸਪੈਕਟ੍ਰਮ ਅਤੇ ਅੰਤ ਤੋਂ ਅੰਤ ਤੱਕ ਡਿਜ਼ਾਈਨ, ਅਸੈਂਬਲੀ ਅਤੇ ਟੈਸਟਿੰਗ ਸਮਰੱਥਾਵਾਂ ਇਸ ਨੂੰ ਮੁਕਾਬਲੇ ਵਿੱਚ ਇੱਕ ਕਿਨਾਰਾ ਦਿੰਦੀਆਂ ਹਨ। ਅਪੋਲੋ ਮਾਈਕਰੋ ਸਿਸਟਮ ਭਾਰਤ ਡਾਇਨਾਮਿਕਸ ਲਿਮਟਿਡ, ਭਾਰਤ ਇਲੈਕਟ੍ਰਾਨਿਕਸ ਲਿਮਟਿਡ, ਰੱਖਿਆ ਖੋਜ ਅਤੇ ਵਿਕਾਸ ਸੰਗਠਨ ਵਰਗੇ ਨਾਮਵਰ ਗਾਹਕਾਂ ਨਾਲ ਕੰਮ ਕਰਦਾ ਹੈ । 30 ਜੂਨ, 2022 ਤੱਕ, ਏਐਮਐਸਐਲ ਕੋਲ 280 ਕਰੋੜ ਰੁਪਏ ਦੀ ਅਣਐਕਜ਼ੀਕਿਊਟਿਡ ਆਰਡਰ ਬੁੱਕ ਸਥਿਤੀ ਹੈ। ਆਰਡਰ ਬੁੱਕ ਦੇ ਇਕਰਾਰਨਾਮੇ ਦੀ ਲੰਮੀ ਮਿਆਦ ਦੀ ਪ੍ਰਕਿਰਤੀ ਦੇ ਨਾਲ ਉੱਚ ਪ੍ਰਵੇਸ਼ ਰੁਕਾਵਟ ਦੇ ਨਾਲ ਮੱਧਮ ਮਿਆਦ ਲਈ ਮਾਲੀਏ ਦੀ ਦਿੱਖ ਪ੍ਰਦਾਨ ਕਰਦਾ ਹੈ।

# ਕਾਂਗਰਸ ਕਮੇਟੀ ਭਿੱਖੀਵਿੰਡ ਦੇ ਬਲਾਕ ਪ੍ਰਧਾਨ ਵੱਲੋਂ ਬਲਾਕ ਕਾਂਗਰਸ ਕਮੇਟੀ ਦਾ ਗਠਨ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**



ਪੂਰਾ ਦੇਸ਼ ਜਿਥੇ ਅੱਜ ਮਹਿੰਗਾਈ ਦੀ ਮਾਰ ਹੇਠ ਹੈ ਉਥੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਕੁਝ ਚਹੇਤੇ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ । ਦੱਸ ਦਈਏ ਕਿ ਦੇਸ਼ ਅੰਦਰ ਪੈਟਰੋਲ, ਡੀਜ਼ਲ ਅਤੇ ਗੈਸ ਸਿਲੰਡਰ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ । ਉਕਤ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਕਮੇਟੀ ਭਿੱਖੀਵਿੰਡ ਦੇ ਬਲਾਕ ਪ੍ਰਧਾਨ ਗੁਰਮੁਖ ਸਿੰਘ ਸਾਂਡਪੁਰਾ ਨੇ ਬਲਾਕ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕਰਨ ਮੌਕੇ ਨਵਾਂ ਜ਼ਮਾਨਾ ਨਾਲ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਕਾਗਰਸ ਬਲਾਕ ਕਮੇਟੀ ਦੀਆਂ ਨਿਯੁਕਤੀਆਂ 'ਚ ਅਮ੍ਰਿਤਪਾਲ ਸਿੰਘ ਦਿਆਲਪੁਰਾ, ਸਾਰਜ ਸਿੰਘ ਧੁੰਨ, ਮਨਦੀਪ ਸਿੰਘ ਸਾਂਧਰਾ, ਗੁਰਜੰਟ ਸਿੰਘ ਭਗਵਾਨਪੁਰਾ ਸਮੇਤ ਨੂੰ ਸੁਬੇਗ ਸਿੰਘ ਨਾਰਲੀ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ । ਜਦ ਕਿ ਸੁਰਿੰਦਰਪਾਲ ਡਿਪਟੀ ਖਾਲੜਾ, ਗੁਰਸੇਵਕ ਸਿੰਘ ਅਲਗੋਂ ਖੁਰਦ, ਸਤਨਾਮ ਸਿੰਘ ਭਿੱਖੀਵਿੰਡ, ਧਰਮਿੰਦਰਦੀਪ ਸਿੰਘ ਮਾਣਕਪੁਰਾ, ਨਿਰਮਲਜੀਤ ਸਿੰਘ ਨਾਰਲਾ, ਗੁਰਮੁਖ ਸਿੰਘ ਮਾੜੀ ਕੰਬੋਕੇ, ਸੰਦੀਪ ਸਿੰਘ ਮਾੜੀ ਕੰਬੋਕੇ, ਲਖਵਿੰਦਰ ਸਿੰਘ ਸੁਰ ਸਿੰਘ ਸਾਰੇ ਜਨਰਲ ਸਕੱਤਰ, ਰਾਣਾ ਪ੍ਰਤਾਪ ਸਿੰਘ ਦਰਾਜਕੇ, ਗੁਰਪਾਲ ਸਿੰਘ ਫਤਿਹਪੁਰ ਸੁੱਗਾ, ਗੁਰਵਿੰਦਰ ਸਿੰਘ ਬੂੜ ਚੰਦ, ਕੁਲਦੀਪ ਸਿੰਘ ਸੁਰਵਿੰਡ, ਰਣਬੀਰ ਸਿੰਘ ਹੁੰਦਲ, ਬਲਬੀਰ ਸਿੰਘ ਘੁਰਕਵਿੰਡ, ਮਨਜਿੰਦਰ ਸਿੰਘ ਸਿੰਘਪੁਰਾ, ਸਤਨਾਮ ਸਿੰਘ ਦੋਦੇ, ਦਿਲਬਾਗ ਸਿੰਘ ਸੁਰ ਸਿੰਘ, ਸੁਖਵੰਤ ਸਿੰਘ ਕਾਲੇ, ਗੁਰਦੇਵ ਸਿੰਘ ਅਹਿਮਦਪੁਰ, ਹਰਜੀਤ ਸਿੰਘ ਭਾਈ ਲੱਧੂ (ਸਾਰੇ ਸਕੱਤਰ), ਰਾਜਵੰਤ ਸਿੰਘ ਕੱਲ੍ਹਾ ਨੂੰ ਬੁਲਾਰਾ, ਜਗਦੇਵ ਸਿੰਘ ਸਮਰਾ ਨੂੰ ਮੀਡੀਆ ਇੰਚਾਰਜ, ਅਰਸ਼ਨੂਰ ਲਖਣਾ ਨੂੰ ਮੀਡੀਆ ਸਕੱਤਰ, ਸੰਤੋਖ ਸਿੰਘ ਬਲੇਰ ਨੂੰ ਸੋਸ਼ਲ ਮੀਡੀਆ ਇੰਚਾਰਜ, ਅੰਗਰੇਜ ਸਿੰਘ ਸਾਂਡਪੁਰਾ ਅਤੇ ਦੁਸੰਤਪ੍ਰੀਤ ਸਿੰਘ ਸੁਰ ਸਿੰਘ ਨੂੰ ਸੋਸ਼ਲ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਬਲਾਕ ਪ੍ਰਧਾਨ ਗੁਰਮੱਖ ਸਿੰਘ ਸਾਂਡਪੁਰਾ ਨੇ ਕਿਹਾ ਕਿ ਬਲਾਕ ਕਾਂਗਰਸ ਕਮੇਟੀ ਦੀ ਨਵੀਂ ਚੁਣੀ ਗਈ ਟੀਮ ਪਿਛਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਲੋਕ ਭਲਾਈ ਦੇ ਕੰਮ ਘਰ-ਘਰ ਪਹੁੰਚਾਉਣਗੇ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਮੁੜ ਕਾਂਗਰਸ ਪਾਰਟੀ ਨਾਲ ਜੋੜ ਕੇ ਹਲਕੇ ਅੰਦਰ ਕਾਂਗਰਸ ਪਾਰਟੀ ਨੂੰ ਦੁਬਾਰਾ ਵੱਡੀ ਲੀਡ ਨਾਲ ਜਿਤਾਉਣ 'ਚ ਆਪਣਾ ਯੋਗਦਾਨ ਪਾਉਣਗੇ, ਕਿਉਂਕਿ ਸੂਬੇ ਵਿੱਚ ਸੱਤਾ ਦੇ ਕਾਬਜ਼ 'ਆਪ' ਸਰਕਾਰ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ।

# ਕਿਸਾਨ ਜਥੇਬੰਦੀ ਦੀ ਐੱਸ ਡੀ ਐੱਮ ਨਾਲ ਮੀਟਿੰਗ, ਮਸਲੇ ਹੱਲ ਕਰਨ ਦਾ ਦਿਵਾਇਆ ਭਰੋਸਾ



**ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)**

ਪੱਟੀ ਹਲਕੇ ਦੇ ਅਹਿਮ ਮਸਲਿਆਂ ਨੂੰ ਲੈ ਕੇ ਬੀਤੇ 99 ਦਿਨਾਂ ਤੋਂ ਐਸ ਡੀ ਐਮ ਦਫਤਰ ਮੂਹਰੇ ਲੱਗੇ ਧਰਨੇ ਨੂੰ ਲੈ ਕੇ ਕਿਸਾਨ ਆਗੂਆਂ ਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਹੋਈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਪੱਟੀ ਜ਼ੋਨ ਵੱਲੋਂ ਚੱਲ ਰਿਹਾ ਧਰਨਾ 99 ਦਿਨ ਵਿੱਚ ਦਾਖਲ ਹੋ ਗਿਆ, 99 ਦਿਨ ਦੀ ਡਿਊਟੀ ਪੱਟੀ ਨਾਨਾਕਪੁਰੀ ਇਕਾਈ ਵੱਲੋਂ ਨਿਭਾਈ ਗਈ। ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਐੱਸ ਡੀ ਐੱਮ ਪੱਟੀ ਨਾਲ ਕਿਸਾਨ ਆਗੂਆਂ ਦੀ ਸਾਰੇ ਮਸਲਿਆਂ 'ਤੇ ਗੱਲਬਾਤ ਹੋਈ। ਮੀਟਿੰਗ ਵਿੱਚ ਐੱਸ ਡੀ ਐੱਮ ਪੱਟੀ ਤੋਂ ਇਲਾਵਾ ਤਹਿਸੀਲਦਾਰ ਪੱਟੀ ਸਰਬਜੀਤ ਸਿੰਘ, ਡੀ ਐੱਸ ਪੀ ਪੱਟੀ ਸਤਨਾਮ ਸਿੰਘ ਅਤੇ ਕਿਸਾਨ ਆਗੂ ਗੁਰਭੇਜ ਸਿੰਘ ਧਾਰੀਵਾਲ, ਸਵਰਨ ਸਿੰਘ ਹਰੀਕੇ, ਤਰਸੇਮ ਸਿੰਘ ਧਾਰੀਵਾਲ, ਹਰਿੰਦਰ ਸਿੰਘ ਆਸਲ, ਸੁਖਬੀਰ ਸਿੰਘ ਢਿੱਲੋਂ ਹਾਜ਼ਰ ਰਹੇ। ਮੀਟਿੰਗ 'ਚ ਸੀਤੋ ਨੌ ਬਾਅਦ ਰੋਹੀ ਦਾ ਮਸਲਾ, ਪਿੰਡ ਭੱਗੂਪੁਰ ਸੰਗਵਾਂ ਦੀ ਸੜਕ ਦਾ ਮਸਲਾ, ਕਿਸਾਨ ਆਗੂਆਂ 'ਤੇ ਨਜਾਇਜ਼ ਮਾਇਨਿੰਗ ਵਿਭਾਗ ਵੱਲੋਂ ਕੀਤੇ ਪਰਚੇ ਰੱਦ ਕਰਨ ਤੇ ਹੋਰ ਐੱਸ ਡੀ ਦਫਤਰ ਨਾਲ ਸੰਬੰਧਤ ਮਸਲਿਆਂ ਤੇ ਗੱਲਬਾਤ ਕੀਤੀ ਗਈ ਅਤੇ ਐੱਸ ਡੀ ਐੱਮ ਪੱਟੀ ਨੇ ਪਹਿਲ ਦੇ ਆਧਾਰ 'ਤੇ ਮਸਲੇ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ । ਇਸ ਮੌਕੇ ਧਰਨੇ ਵਿਚ ਇਕਾਈ ਪ੍ਰਧਾਨ ਸੁਖਵੰਤ ਸਿੰਘ ਪੱਟੀ, ਸੁਖਬੀਰ ਸਿੰਘ ਢਿੱਲੋ, ਹਰਜੀਤ ਸਿੰਘ, ਰਾਜ ਸਿੰਘ ਧਨੋਆ, ਸਰਮੁੱਖ ਸਿੰਘ, ਭਪਿੰਦਰ ਸਿੰਘ, ਗੁਰਨਾਮ ਸਿੰਘ, ਭੁਪਿੰਦਰ ਸਿੰਘ ਫੌਜੀ, ਸ਼ਿੰਦਾ ਸਿੰਘ, ਆਦਿ ਆਗੂ ਹਾਜ਼ਰ ਰਹੇ।

# 'ਗੁਰੂ ਨਾਨਕ ਤੇ ਸਰਾਭੇ ਹੁਰਾਂ ਦਾ ਸੰਘਰਸ਼ ਅਸਲੀ ਆਜ਼ਾਦੀ ਵਾਸਤੇ ਸੀ'



**ਤਰਨ ਤਾਰਨ (ਨ ਜ਼ ਸ)**

ਇਸ ਧਰਤੀ ਦੇ ਮਹਾਨ ਫਿਲਾਸਫਰ ਤੇ ਰਹਿਬਰ ਗੁਰੂ ਬਾਬਾ ਨਾਨਕ ਅਤੇ 16 ਨਵੰਬਰ 1915 ਨੂੰ ਆਜ਼ਾਦੀ ਲਈ ਫਾਂਸੀ ਚੜ੍ਹ ਗਏ ਨੌਜਵਾਨ ਕਰਤਾਰ ਸਿੰਘ ਸਰਾਭਾ ਤੇ ਪੰਜ ਹੋਰ ਗਦਰੀ ਯੋਧਿਆਂ ਨੂੰ ਸਮਰਪਿਤ ਵਿਚਾਰ-ਚਰਚਾ ਸਥਾਨਕ ਰੋਡਵੇਜ਼ ਯੂਨੀਅਨ ਭਵਨ 'ਚ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਸੁਖਚੈਨ ਸਿੰਘ ਅਤੇ ਟਰੇਡ ਯੂਨੀਅਨ ਕੌਂਸਲ ਦੇ ਚੇਅਰਮੈਨ ਪੂਰਨ ਸਿੰਘ ਮਾੜੀਮੇਘਾ, ਸੁੱਚਾ ਸਿੰਘ ਤੇ ਚਰਨ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ 'ਬਾਬੇ ਨਾਨਕ ਦੀ ਵਿਚਾਰਧਾਰਾ ਅਤੇ ਗਦਰੀ ਯੋਧਿਆਂ ਦੇ ਆਜ਼ਾਦੀ ਲਈ ਸੰਘਰਸ਼ ਤੇ ਅੱਜ ਦਾ ਸਮਾਂ' ਵਿਸ਼ੇ 'ਤੇ ਗੱਲ ਕਰਦਿਆਂ ਕਾਮਰੇਡ ਰਾਜਿੰਦਰ ਪਾਲ ਕੌਰ, ਬਲਕਾਰ ਸਿੰਘ ਵਲਟੋਹਾ, ਨਰਿੰਦਰ ਬੇਦੀ, ਸਰਬਜੀਤ ਪੱਟੀ, ਲਵਪ੍ਰੀਤ ਮਾੜੀਮੇਘਾ ਨੇ ਕਿਹਾ ਕਿ ਬਾਬਾ ਨਾਨਕ ਨੇ ਜਾਤ-ਪਾਤ, ਊਚ-ਨੀਚ ਦਾ ਠੋਕਵਾਂ ਵਿਰੋਧ ਕਰਦਿਆਂ ਆਰਥਿਕ ਤੇ ਸਮਾਜਿਕ ਤੌਰ 'ਤੇ ਬਰਾਬਰ ਬਣਾਉਣ ਲਈ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਸੁਨੇਹਾ ਦਿੱਤਾ। ਹਾਕਮਾਂ ਨੂੰ ਵੰਗਾਰਿਆ। ਉਨ੍ਹਾਂ ਦਾ ਸੰਦੇਸ਼ ਲਾਗੂ ਕਰਨ ਲਈ ਅੱਜ ਵੱਡੇ ਸਾਂਝੇ ਕਿਰਤੀ ਸੰਘਰਸ਼ ਦੀ ਲੋੜ ਹੈ।

ਉੱਨੀ ਸਾਲ ਦੀ ਛੋਟੀ ਉਮਰ 'ਚ ਲਾਮਿਸਾਲ ਸੰਘਰਸ਼ ਕਰਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਗਦਰੀ ਸਾਥੀਆਂ ਨੇ ਅੰਗਰੇਜ਼ ਸਾਮਰਾਜ ਨੂੰ ਬਾਹਰ ਕੱਢ ਕੇ ਇੱਕ ਬਰਾਬਰ ਤੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਅਤੇ ਉਸੇ ਸਮਾਜਵਾਦ ਦੀ ਅੱਜ ਵੀ ਲੋੜ ਹੈ। ਅੱਜ ਅਤਿ ਆਧੁਨਿਕ ਤਕਨੀਕ ਵਾਲੇ ਯੁੱਗ 'ਚ ਸਮੁੱਚੀ ਮਨੁੱਖਤਾ ਬਹੁਤ ਸੌਖਿਆਂ ਆਪਣਾ ਜੀਵਨ ਬਸਰ ਕਰ ਸਕਦੀ ਹੈ ਬਸ਼ਰਤੇ ਕਿ ਸਮਾਜਵਾਦੀ ਰਾਜ ਪ੍ਰਬੰਧ ਸਿਰਜਿਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਸਟਾਲਿਨ ਜੀਤ ਸਿੰਘ, ਪੂਰਨ ਦਾਸ, ਕੁਲਬੀਰ ਸਿੰਘ ਕਸੇਲ, ਮੋਤਾ ਸਿੰਘ ਸੋਹਲ, ਵਿਸ਼ਾਲ ਦੀਪ ਵਲਟੋਹਾ ਅਤੇ ਬਿਕਰਮਜੀਤ ਸਿੰਘ ਨੇ ਵੀ ਉਪਰੋਕਤ ਵਿਚਾਰ-ਚਰਚਾ 'ਚ ਸ਼ਿਰਕਤ ਕੀਤੀ।

# ਬੱਚਿਆਂ 'ਤੇ ਹੁੰਦੇ ਜ਼ੁਲਮਾਂ ਨੂੰ ਰੋਕਣ 'ਚ ਸਹਾਈ ਹੋਈ 1098 ਚਾਈਲਡ ਹੈਲਪਲਾਈਨ

**ਗੁਰਦਾਸਪੁਰ, (ਜਨਕ ਮਹਾਜਨ)**

ਬੱਚਿਆਂ ਉੱਪਰ ਹੁੰਦੇ ਅੱਤਿਆਚਾਰਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਟੌਲ ਫਰੀ ਚਾਈਲਡ ਹੈਲਪ ਲਾਈਨ 1098 ਚਲਾਈ ਜਾ ਰਹੀ ਹੈ। ਜੇਕਰ ਛੋਟੇ ਬੱਚਿਆਂ ਨੂੰ ਕੋਈ ਪਰੇਸ਼ਨੀ ਜਾਂ ਮੁਸ਼ਕਲ ਦਰਪੇਸ਼ ਹੋਵੇ ਤਾਂ ਉਹ ਚਾਈਲਡ ਹੈਲਪ ਲਾਈਨ 1098 ਉੱਪਰ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ ਮੈਡਮ ਸੁਮਨਦੀਪ ਕੌਰ ਨੇ ਦੱਸਿਆ ਕਿ ਇਸ ਹੈਲਪ ਲਾਈਨ ਨੰਬਰ 'ਤੇ ਇਹ ਸਹੂਲਤ 24 ਘੰਟੇ ਉਪਲੱਬਧ ਹੈ ਅਤੇ ਹੈਲਪ ਲਾਈਨ ਵੱਲੋਂ ਇਹ ਸਹਾਇਤਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਅੱਗੇ ਦੱਸਿਆ ਕਿ ਸਰਕਾਰ ਵੱਲੋਂ ਇਹ ਹੈਲਪ ਲਾਈਨ ਬਾਲ ਮਜ਼ਦੂਰੀ ਕਰਦੇ ਬੱਚਿਆਂ, ਬੇਸਹਾਰਾ ਬੱਚਿਆਂ, ਘਰੋਂ ਕੱਢੇ ਬੱਚਿਆਂ, ਵੱਖ-ਵੱਖ ਜ਼ੁਲਮਾਂ ਦੇ ਸ਼ਿਕਾਰ ਬੱਚਿਆਂ, ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਬੱਚਿਆਂ ਦੀ ਸਹਾਇਤਾ ਲਈ ਸ਼ੁਰੂ ਕੀਤੀ ਗਈ ਹੈ। ਉਨਾਂ ਦੱਸਿਆ ਕਿ ਚਾਈਲਡ ਹੈਲਪ ਲਾਈਨ ਉੱਪਰ ਕਿਸੇ ਵੀ ਸਥਾਨ ਤੋਂ ਕਿਸੇ ਵੀ ਸਮੇਂ ਮੁਫਤ ਫੋਨ ਕੀਤਾ ਜਾ ਸਕਦਾ ਹੈ। ਉਨਾਂ ਅੱਗੇ ਦੱਸਿਆ ਕਿ ਚਾਈਲਡ ਲਾਈਨ ਵੱਲੋਂ ਬੱਚਿਆਂ ਨਾਲ ਸੰਬੰਧਤ ਸਲਾਹ ਮਸ਼ਵਰਾ, ਬੱਚਿਆਂ ਦੇ ਰਹਿਣ ਦੀ ਸੁਵਿਧਾ, ਅੱਤਿਆਚਾਰਾਂ ਤੋਂ ਸੁਰੱਖਿਆ, ਡਾਕਟਰੀ ਸਹਾਇਤਾ, ਵਜ਼ੀਫਾ, ਕਾਨੂੰਨੀ ਸਹਾਇਤਾ, ਰਿਹਾਇਸ਼ ਦੀ ਸਹੂਲਤ ਅਤੇ ਗੁਆਚੇ ਬੱਚੇ ਨੂੰ ਲੱਭਣ ਤੇ ਉਸ ਨੂੰ ਘਰ ਵਾਪਸ ਪਹੁੰਚਾਉਣ ਦੀ ਸੇਵਾ ਵੀ ਕੀਤੀ ਜਾਂਦੀ ਹੈ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਅੱਗੇ ਦੱਸਿਆ ਕਿ ਇਹ ਚਾਈਲਡ ਹੈਲਪ ਲਾਈਨ ਰਾਸ਼ਟਰ ਪੱਧਰ 'ਤੇ ਚੱਲ ਰਹੀ ਹੈ ਅਤੇ ਬੱਚਿਆਂ 'ਤੇ ਜ਼ੁਲਮਾਂ ਨੂੰ ਰੋਕਣ ਲਈ ਇਹ ਹੈਲਪ ਲਾਈਨ ਬਹੁਤ ਸਹਾਈ ਸਿੱਧ ਹੋ ਰਹੀ ਹੈ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨਾਂ ਦੇ ਆਲੇ-ਦੁਆਲੇ ਕਿਸੇ ਬੱਚੇ ਨਾਲ ਜ਼ੁਲਮ ਹੋ ਰਹੇ ਹੋਣ ਜਾਂ ਖੁਦ ਬੱਚੇ ਇਸ ਗੱਲ ਦੀ ਸਮਝ ਰੱਖਦੇ ਹੋਣ ਤਾਂ ਉਹ 1098 ਨੰਬਰ ਡਾਈਲ ਕਰਕੇ ਆਪਣੀ ਮੁਸ਼ਕਲ ਜਾਂ ਸ਼ਿਕਾਇਤ ਦਰਜ ਕਰਾ ਸਕਦੇ ਹਨ, ਜਿਸ ਉਪਰ ਫੌਰੀ ਤੌਰ 'ਤੇ ਕਾਰਵਾਈ ਕੀਤੀ ਜਾਵੇਗੀ।

# ਸਰਕਾਰੀ ਐਲੀਮੈਂਟਰੀ ਸਕੂਲ ਥਰੀਏਵਾਲ ਵਿਖੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਮਜੀਠਾ (ਸੋਇਮ ਆਨੰਦ)**-ਸ਼ਹੀਦ ਭਗਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ਰਜਿ: ਇੰਡੋ ਕੈਨੇਡਾ ਅੰਮ੍ਰਿਤਸਰ ਦੇ ਸਹਿਯੋਗ ਨਾਲ ਪਿਛਲੇ ਵਿੱਦਿਅਕ ਸਾਲ ਦੌਰਾਨ ਸਾਲਾਨਾ ਨਤੀਜਿਆਂ 'ਚ ਵੱਖ-ਵੱਖ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਦਾ ਸਰਕਾਰੀ ਐਲੀਮੈਂਟਰੀ ਸਕੂਲ ਥਰੀਏਵਾਲ ਬਲਾਕ ਮਜੀਠਾ ਇੱਕ ਵਿਖੇ ਸੁਸਾਇਟੀ ਦੇ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਐਜੂਕੇਸ਼ਨ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਹੀ ਕੀਤਾ ਜਾਵੇਗਾ ਸਨਮਾਨਿਤ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਇਸ ਸਕੂਲ ਦੀ ਬਿਹਤਰੀ ਲਈ ਕੀਤੇ ਕੰਮਾਂ ਦਾ ਵੀ ਜ਼ਿਕਰ ਕੀਤਾ ਅਤੇ ਅੱਗੋਂ ਵੀ ਲਗਾਤਾਰ ਸਹਿਯੋਗ ਕਰਨ ਦੀ ਵਚਨਬੱਧਤਾ ਦੁਹਰਾਈ। ਇਸ ਮੌਕੇ ਮੁੱਖ ਮਹਿਮਾਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ਼ਹੀਦ ਭਗਤ ਸਿੰਘ ਸੁਸਾਇਟੀ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨਾਲ ਬਾਊ ਵਿਜੇ ਕੁਮਾਰ, ਸੰਦੀਪ ਸ਼ਰਮਾ ਬਲਾਕ ਪ੍ਰਧਾਨ ਮਜੀਠਾ, ਅਰਜਨ ਦਾਸ, ਦੀਪਕ ਸ਼ਰਮਾ, ਐੱਚਟੀ ਰਜਵੰਤ ਕੌਰ, ਪ੍ਰੇਮ ਸਿੰਘ, ਨੰਬਰਦਾਰ ਜੋਗਾ ਸਿੰਘ, ਪੁਨੀਤ ਭੱਲਾ ਮਜੀਠਾ, ਗੁਰਨਾਮ ਸਿੰਘ, ਅੰਜੂ, ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਗੁਜਰਾਤ ਦੇ ਲੋਕਾਂ 'ਚ ਹੁਣ ਇਕ ਇਮਾਨਦਾਰ ਸਰਕਾਰ ਦੀ ਉਮੀਦ ਜਾਗੀ : ਐਡਵੋਕੇਟ ਸੇਖਵਾਂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਦਿੱਲੀ ਤੋਂ ਸ਼ੁਰੂ ਹੋਈ ਬਦਲਾਵ ਦੀ ਲਹਿਰ ਪੰਜਾਬ ਤੋਂ ਹੁੰਦੀ ਹੋਈ ਹੁਣ ਗੁਜਰਾਤ ਵਿੱਚ ਵੀ ਦਸਤਕ ਦੇ ਰਹੀ ਹੈ। ਭ੍ਰਿਸ਼ਟਾਚਾਰ ਤੋਂ ਸਤਾਏ ਲੋਕ ਹੁਣ ਗੁਜਰਾਤ ਵਿੱਚ ਵੀ ਆਮ ਆਦਮੀ ਪਾਰਟੀ ਦੀ ਇਮਾਨਦਾਰ ਸਰਕਾਰ ਲੈ ਕੇ ਆ ਰਹੇ ਹਨ। ਇਹ ਖੁਲਾਸਾ ਆਮ ਆਦਮੀ ਪਾਰਟੀ ਦੇ ਜਿਲ੍ਹਾ ਇੰਚਾਰਜ ਗੁਰਦਾਸਪੁਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕੀਤਾ। ਉਨ੍ਹਾਂ ਦੱਸਿਆ ਕਿ ਉਹ ਪਿਛਲੇ ਕੁੱਝ ਦਿਨਾਂ ਤੋਂ ਆਮ ਆਦਮੀ ਪਾਰਟੀ ਦਾ ਚੋਣ ਪ੍ਰਚਾਰ ਕਰਨ ਗੁਜਰਾਤ ਪਹੁੰਚੇ ਹੋਏ ਹਨ ਅਤੇ ਗੁਜਰਾਤ ਦੇ ਜ਼ਿਲ੍ਹਾ ਰਾਜਕੋਟ ਦੇ ਵਿਧਾਨ ਸਭਾ ਹਲਕਾ ਜਸਦਨ ਅੰਦਰ ਵੱਖ ਵੱਖ ਪਿੰਡਾਂ/ ਨਗਰਾਂ/ ਕਸਬਿਆਂ ਵਿੱਚ ਜਾ ਕੇ ਪਾਰਟੀ ਦਾ ਚੋਣ ਪ੍ਰਚਾਰ ਕਰ ਰਹੇ ਹਨ। ਐਡਵੋਕੇਟ ਸੇਖਵਾਂ ਨੇ ਕਿਹਾ ਕਿ ਗੁਜਰਾਤ ਦੇ ਲੋਕਾਂ ਵਿੱਚ ਹੁਣ ਇਕ ਇਮਾਨਦਾਰ ਸਰਕਾਰ ਦੀ ਉਮੀਦ ਜਾਗੀ ਹੈ ਅਤੇ ਰਵਾਇਤੀ ਪਾਰਟੀਆਂ ਦੇ ਭ੍ਰਿਸ਼ਟਾਚਾਰ ਤੋਂ ਸਤਾਏ ਲੋਕ ਇਸ ਵਾਰ ਆਮ ਆਦਮੀ ਪਾਰਟੀ ਨੂੰ ਸਮਰਥਨ ਦੇ ਰਹੇ ਹਨ। ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਉਨ੍ਹਾਂ ਵਲੋਂ ਹਲਕਾ ਜਸਦਨ ਦੇ ਕਈ ਪਿੰਡਾਂ ਦੇ ਸਰਪੰਚਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਇਆ ਗਿਆ ਹੈ। ਇਸ ਮੌਕੇ ਐਡਵੋਕੇਟ ਸੇਖਵਾਂ ਦੀਆਂ ਟੀਮਾਂ ਦੇ ਨਾਲ ਉਥੇ ਦੇ ਸਥਾਨਕ ਵਰਕਰ ਵਿਪੁਲ ਭਾਈ, ਰਵਿੰਦਰਾ ਭਾਈ, ਪਰੇਸ਼ ਭਾਈ, ਸੁਰੇਸ਼ ਭਾਈ, ਧਵਲ ਭਾਈ, ਹੀਤੇਸ਼ ਭਾਈ, ਭਰਤ ਭਾਈ, ਸੰਦੀਪ ਭਾਈ, ਜਿਗਨੇਸ਼ ਭਾਈ, ਮਾਈਊਰ ਭਾਈ, ਰਮੇਸ਼ ਭਾਈ, ਵਿਪਿਨ ਭਾਈ, ਪਾਇਲ ਬਹਿਨ, ਰਿੰਕਲ ਬਹਿਣ, ਮਿੱਤਲ ਬਹਿਣ, ਸੁਰੋਜ ਬਹਿਣ ਆਦਿ ਹਾਜ਼ਰ ਸਨ।

# ਸ਼ਾਰਟਹੈਂਡ, ਕੰਪਿਊਟਰ, ਟਾਈਪ ਸਿੱਖਣ ਲਈ ਨੌਜਵਾਨ 25 ਤੱਕ ਲੈ ਸਕਦੇ ਹਨ ਦਾਖਲਾ

**ਜਲੰਧਰ (ਸੁਰਿੰਦਰ ਕੁਮਾਰ)** ਜ਼ਿਲ੍ਹੇ ਦੇ ਭਾਸ਼ਾ ਵਿਭਾਗ ਦੇ ਦਫਤਰ ਵੱਲੋਂ ਨੌਜਵਾਨਾਂ ਲਈ ਕੰਪਿਊਟਰ ਸਾਰਟਹੈਂਡ ਤੇਟਾਈਪ ਸਿੱਖਣ ਲਈ ਦਾਖਲਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਕੋਰਸ ਵਿੱਚ ਗ੍ਰੈਜੂਏਸ਼ਨ ਵਾਲੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਭਾਸ਼ਾ ਤੇ ਖੋਜ ਅਫਸਰ ਨਵਨੀਤ ਰਾਏ ਨੇ ਦੱਸਿਆ ਕਿ ਦਾਖਲੇ ਦੀ ਮਿਤੀ 25 ਨਵੰਬਰ -2022 ਤੱਕ ਵਧਾਈ ਗਈ ਹੈ। ਉਨ੍ਹਾਂ ਕਿਹਾ ਕਿ ਇੱਕ ਸਾਲਾ ਕੋਰਸ ਵਿੱਚ ਕੁਝ ਸੀਟਾਂ ਖਾਲੀ ਹਨ।

# ਰੋਜਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਕਰੀ ਦੇਣ ਲਈ ਕੈਂਪ ਅੱਜ

**ਜਲੰਧਰ (ਸੁਰਿੰਦਰ ਕੁਮਾਰ)** ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵੱਲੋ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜਗਾਰ ਦੇਣ ਦੇ ਮਕਸਦ ਨਾਲ ਇੱਕ ਵਿਸ਼ੇਸ਼ ਨੌਕਰੀ ਕੈਂਪ 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਲਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜਗਾਰ ਤੇ ਕਾਰੋਬਾਰ ਵਿਭਾਗ ਦੇ ਡਾਇਰੈਕਟਰ ਤੇ ਰੋਜਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫਸਰ ਬੀਬੀ ਰਣਜੀਤ ਕੌਰ ਨੇ ਦੱਸਿਆ ਕਿ ਇਸ ਰੋਜਗਾਰ ਤੇ ਕਾਰੋਬਾਰ ਕੈਂਪ ਵਿੱਚ ਐਕਸਿਸ ਬੈਂਕ ਤੇ ਰੂਟਸ ਆਯੂਰਵੈਦਿਕ ਕੰਪਨੀਆਂ ਨੌਜਵਾਨਾਂ ਨੂੰ ਰੋਜਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਹਿੱਸਾ ਲੈ ਰਹੀਆਂ ਹਨ । ਇਸ ਵਿੱਚ ਰਿਲੇਸ਼ਨਸ਼ਿਪ ਅਫਸਰ ਸੇਲਜ ਐਗਜੀਕਿਊਟਿਵ ਡਿਵੈਲਮੈਂਟ ਮੈਨੇਜਰ ਦੀਆਂ ਅਸਾਮੀਆਂ ਲਈ ਸਿੱਖਿਆ ਯੋਗਤਾ ਦਸਵੀਂ ਬਾਰ੍ਹਵੀ ਗ੍ਰੈਜੂਏਸ਼ਨ ਹੈ ਤੇ 18-35 ਸਾਲਾਂ ਦੇ ਨੌਜਵਾਨ ਲੜਕੇ ਤੇ ਲੜਕੀਆਂ ਅਪਲਾਈ ਕਰ ਸਕਦੇ ਹਨ।

# ਸੁੰਦਰ ਦਸਤਾਰ ਮੁਕਾਬਲੇ ਕਰਵਾਏ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁੰਦਰ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ । ਜਿਸ ਵਿਚ ਵਲਟੋਹਾ ਦੇ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਦੀਆਂ ਵਿਦਿਆਰਥਣਾਂ ਨੇ ਸੁੰਦਰ ਦਸਤਾਰ ਅਤੇ ਦੁਮਾਲਾ ਮੁਕਾਬਲੇ ਵਿਚ ਆਪਣੀ ਕਲਾ ਦਿਖਾਈ । ਇਸ ਮੌਕੇ ਮੁਕਾਬਲੇ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਵਿੱਚੋਂ ਸਕੂਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ । ਇਸ ਮੌਕੇ ਪ੍ਰਿੰਸੀਪਲ ਵਿਜੈ ਕੁਮਾਰ ਸ਼ਰਮਾ ਅਤੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕੁਵੰਰ ਚੜ੍ਹਤ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਨਜਮੈਂਟ ਵੱਲੋਂ ਜੇਤੂ ਰਹੇ ਵਿਦਿਆਰਥੀਆਂ ਨੂੰ ਮੈਡਲ ਨਾਲ ਸਨਮਾਨਤ ਕੀਤਾ ਗਿਆ । ਇਸ ਮੌਕੇ ਮੈਡਮ ਪਵਨਦੀਪ ਕੌਰ , ਮੈਡਮ ਹਰਪ੍ਰੀਤ ਕੌਰ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ ।

# ਸ਼ਹੀਦਾਂ ਦੀ ਯਾਦ 'ਚ ਨਾਟਕ ਮੇਲਾ

**ਗੁਰਦਾਸਪੁਰ (ਜਨਕ ਮਹਾਜਨ)**

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 107 ਵੇਂ ਸ਼ਹੀਦੀ ਦਿਹਾੜੇ ਉਪਰ ਨਟਾਲੀ ਰੰਗਮੰਚ ਗੁਰਦਾਸਪੁਰ ਅਤੇ ਭਾਸ਼ਾ ਵਿਭਾਗ ਗੁਰਦਾਸਪੁਰ ਵੱਲੋਂ ਸਥਾਨਕ ਸਰਕਾਰੀ ਕਾਲਜ ਗੁਰਦਾਸਪੁਰ ਦੇ ਵਿਹੜੇ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਨਾਟਕ ਮੇਲਾ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਵਿਕਾਸ ਮੰਚ ਯੂ. ਕੇ. ਦੇ ਪ੍ਰਧਾਨ ਡਾ. ਬਲਦੇਵ ਸਿੰਘ ਕੰਦੋਲਾ (ਪੰਜਾਬੀ ਯੂਨੀਕੋਡ ਕੀ ਬੋਰਡ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਸਾਰ ਤੇ ਤਕਨੀਕੀ ਵਿਕਾਸ ਵਿੱਚ ਦਰਪੇਸ਼ ਮੁਸਕਿਲਾਂ ਨੂੰ ਸਾਂਝਾ ਕੀਤਾ ਤੇ ਗੁਰਮੁਖੀ ਕੀ ਬੋਰਡ ਬਾਰੇ ਜਾਣਕਾਰੀ ਦਿੱਤੀ। ਵਿਸ਼ੇਸ਼ ਮਹਿਮਾਨ ਵਜੋਂ ਜਸਟਿਸ ਸਰਦੂਲ ਸਿੰਘ ਮਾਰਵਾਹ (ਸਾਬਕਾ ਮਜਿਸਟਰੇਟ ਤੇ ਵਿਸ਼ੇਸ਼ ਵਿਸ਼ਾ ਮਾਹਰ, ਸਿੱਖ ਚੈਨਲ, ਯੂ. ਕੇ. ਬਰਤਾਨੀਆ )ਸਤਿੰਦਰਪਾਲ ਸਿੰਘ ਮਾਹਲ ( ਜਨਰਲ ਸਕੱਤਰ ਪੰਜਾਬੀ ਵਿਕਾਸ ਮੰਚ ਯੂ. ਕੇ. ਤੇ ਸੰਚਾਲਕ ਸਿੱਖ ਚੈਨਲ ਟੀ.ਵੀ. ਚੈਨਲ), ਡਾ. ਗੁਰਇਕਬਾਲ ਸਿੰਘ ਕਾਹਲੋਂ (ਖੇਤੀ ਵਿਗਿਆਨੀ ਤੇ ਗੰਨਾ ਸਲਾਹਕਾਰ) ਅਤੇ ਗੁਰਮੀਤ ਸਿੰਘ ਬਠਿੰਡਾ 1947 ( ਰੀਸਰਚ ਸਕਾਲਰ ਸਟੈਨਫੋਰਡ ਯੂਨੀਵਰਸਿਟੀ ਯੂ. ਐਸ. ਏ.) ਸ਼ਾਮਲ ਹੋਏ, ਜਿਨ੍ਹਾਂ ਨੇ ਆਪੋ ਆਪਣੇ ਖੇਤਰਾਂ ਸੰਬੰਧੀ ਸਰੋਤਿਆਂ ਨੂੰ ਜਾਣੂੰ ਕਰਵਾਇਆ । ਅਦਾਕਾਰ, ਲੇਖਕ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਵਲੋਂ ਹਾਸ਼ੀਏ ਤੋਂ ਬਾਹਰ ਧੱਕ ਦਿੱਤੇ ਗਏ ਦਲਿਤ ਕਿਰਤੀ ਦੀ ਬਾਤ ਪਾਉਂਦਾ, ਬਾਗੀ ਤੇ ਉਚੀ ਸੁਰ ਵਾਲਾ ਨਾਟਕ "ਲੱਛੂ ਕਬਾੜੀਆ" ਦੀ ਸਫਲ ਪੇਸ਼ਕਾਰੀ ਕੀਤੀ ਜਿਸ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਮਾਣਿਆ। ਇਸ ਨਾਟਕ ਨੇ ਬੜੇ ਗੰਭੀਰ ਸਵਾਲ ਉਠਾਏ ਜਿਸ ਨੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕੀਤਾ। ਗੌਰਮਿੰਟ ਕਾਲਜ ਗੁਰਦਾਸ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਸ਼ੁਰੂ ਕੀਤੇ ਪ੍ਰੋਗਰਾਮ ਵਿੱਚ ਲਘੂ ਨਾਟਕ "ਮਾਂ ਦੇ ਦੁੱਖ ਦਾ ਬਿਰਤਾਂਤ" ਵਿਦਿਆਰਥੀ ਲੇਖਕ ਕਮਲਜੀਤ ਕੌਰ ਲਿਖਿਆ ਤੇ ਗੀਤਿਕਾ ਦੀ ਨਿਰਦੇਸ਼ਨਾ ਹੇਠ ਸਫਲਤਾ ਪੂਰਵਕ ਖੇਡਿਆ ਗਿਆ, ਵਿਦਿਆਰਥਣਾਂ ਵੱਲੋਂ "ਜਿਨ੍ਹਾਂ ਰਾਹਾਂ ਦੀ ਮੈਂ ਕਦਰ ਨਾ ਜਾਣਾਂ ਉਨ੍ਹਾਂ ਰਾਹਾਂ ਤੇ ਸਾਨੂੰ ਤੁਰਨਾ ਪਿਆ" ਦਾ ਸਮੂਹ ਗਾਨ ਤੇ ਲੋਕ ਧੁਨਾਂ ਦੇ ਆਧਾਰਿਤ ਫੋਕ ਆਰਕੈਸਟਰਾ ਦੀ ਪੇਸ਼ਕਾਰੀ ਕਾਬਲੇ-ਤਾਰੀਫ ਸੀ। ਬਾਬੇ ਨਾਨਕ ਵਲੋਂ ਮਲਕ ਭਾਗੋ ਦੇ ਮਾਲ ਪੂੜਿਆਂ ਵਿਚੋਂ ਲਹੂ ਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਕੱਢਣ ਦੀ ਘਟਨਾ ਨੂੰ ਪੇਸ਼ ਕਰਦਾ ਜਮਾਤੀ ਵੰਡ 'ਤੇ ਆਧਾਰਿਤ ਨਾਟਕ "ਇਹ ਲਹੂ ਕਿਸਦਾ ਹੈ" ਨੂੰ ਬੜੀ ਬਾਖੂਬੀ ਪੇਸ਼ ਕੀਤਾ, ਗੁਰਦਿਆਲ ਸਿੰਘ ਫੁੱਲ ਦੇ ਲਿਖੇ ਵੱਡ ਆਕਾਰੀ ਨਾਟਕ ਦੀ, ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਤਿਆਰ ਕੀਤੀ ਸੰਖੇਪ ਸਕ੍ਰਿਪਟ ਨੂੰ ਰੰਗਕਰਮੀ ਵਿਕਾਸ ਦੀ ਨਿਰਦੇਸ਼ਨਾ ਹੇਠ ਸਫਲ ਪੇਸ਼ਕਾਰੀ ਕੀਤੀ, ਜਿਸ ਨੇ ਦਰਸ਼ਕਾਂ ਨੂੰ ਹਸਾ ਹਸਾ ਢਿੱਡੀਂ ਪੀੜਾਂ ਪਾ ਦਿੱਤੀਆਂ। ਇਸ ਤੋਂ ਇਲਾਵਾ ਗੀਤ ਸੰਗੀਤ ਦੇ ਕਵਿਤਾਵਾਂ ਦਾ ਵੀ ਗਾਇਨ ਹੋਇਆ। ਨਾਟਕ "ਸੋ ਕਿਉ ਮੰਦਾ ਆਖੀਐ" ਦੀ ਸਫਲ ਪੇਸ਼ਕਾਰੀ ਅਕਾਲ ਅਕੈਡਮੀ ਤਿੱਬੜ ਦੀਆਂ ਵਿਦਿਆਰਥਣਾਂ ਵਲੋਂ ਹਰਮੀਤ ਕੌਰ ਕਵਿੱਤਰੀ ਦੀ ਅਗਵਾਈ ਵਿੱਚ, ਰਛਪਾਲ ਸਿੰਘ ਘੁੰਮਣ ਦੇ ਯਤਨਾਂ ਸਦਕਾ ਸਸਸਸ ਸਕੂਲ ਦੋਰਾਂਗਲਾ ਦੇ ਵਿਦਿਆਰਥੀਆਂ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਨਾਲ ਸੰਬੰਧਤ ਕੋਰੀਓਗ੍ਰਾਫੀ "ਫਾਂਸੀ" ਅਤੇ ਨਿਊ ਕੈਰੀਅਰ ਅਕੈਡਮੀ ਪਾਹੜਾ ਵੱਲੋਂ ਕੋਰੀਓਗ੍ਰਾਫੀ "ਮੈਨੂੰ ਬੰਦਾ ਰਹਿਣ ਦਿਓ" ਪੇਸ਼ ਕੀਤੀਆਂ ਗਈਆਂ। ਸਸਸਸ ਸਕੂਲ ਕਲਾਨੌਰ ਦੇ ਵਿਦਿਆਰਥੀਆਂ ਨਵਕਰਨ ਸਿੰਘ ਤੇ ਸਾਕਸ਼ੀ ਨੇ ਗੁਰਮੀਤ ਸਿੰਘ ਬਾਜਵਾ ਸਟੇਟ ਐਵਾਰਡੀ ਦੀ ਅਗਵਾਈ ਹੇਠ ਤਿਆਰ ਕੀਤੀਆਂ ਰਚਨਾਵਾਂ ਨੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕੀਤਾ ਤੇ ਪੰਡਿਤ ਮੋਹਨ ਲਾਲ ਐਸ ਡੀ ਕਾਲਜ ਫਾਰ ਵੋਮੈਨ ਗੁਰਦਾਸਪੁਰ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ। ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ, ਜਨਰਲ ਸਕੱਤਰ ਰਛਪਾਲ ਸਿੰਘ ਘੁੰਮਣ, ਸੇਵਾ ਮੁਕਤ ਪ੍ਰਿੰਸੀਪਲ ਅਵਤਾਰ ਸਿੰਘ ਸਿੱਧੂ, ਪ੍ਰਿੰਸੀਪਲ ਗੁਰਿੰਦਰ ਸਿੰਘ ਕਲਸੀ ਨੇ ਵੀ ਵਿਚਾਰ ਪੇਸ਼ ਕੀਤੇ। ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਦੇ ਜਨਰਲ ਸਕੱਤਰ ਗੁਰਮੀਤ ਸਿੰਘ ਬਾਜਵਾ ਨੇ ਮੰਚ ਸੰਚਾਲਨ ਬਾਖੂਬੀ ਕੀਤਾ। ਇਸ ਮੌਕੇ ਮੰਚ ਮੈਂਬਰ ਜੇ. ਪੀ. ਸਿੰਘ ਖਰਲਾਂ ਵਾਲਾ, ਜੋਧ ਸਿੰਘ, ਅਮਰੀਕ ਸਿੰਘ ਮਾਨ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ ਰਾਣਾ, ਬੂਟਾ ਰਾਮ ਆਜ਼ਾਦ, ਹਰਭਜਨ ਸਿੰਘ ਮਾਂਗਟ, ਮਾਸਟਰ ਸੁਭਾਸ਼, ਰਜਿੰਦਰ ਸਿੰਘ ਕਲਾਨੌਰ, ਇੰਦਰਜੀਤ ਸਿੰਘ ਬਾਜਵਾ, ਸੀਤਲ ਸਿੰਘ ਗੁਨੋਪੁਰੀ, ਬਲਵੰਤ ਸਿੰਘ ਘੁੱਲਾ, ਜੋਗਿੰਦਰ ਸਿੰਘ ਸਿੰਘਪੁਰਾ, ਨਰੇਸ਼ ਕੁਮਾਰ ਸ਼ਰਮਾ, ਨਵਰਾਜ ਸੰਧੂ, ਮਨਜੀਤ ਸਿੰਘ ਬਹਿਲ, ਸੁੰਦਰ ਸਿੰਘ ਹਰੀਪੁਰ ਆਦਿ ਹਾਜ਼ਰ ਸਨ।



# ਸਰਬ ਕਲਿਆਣ ਸੇਵਾ ਸੁਸਾਇਟੀ ਨੇ 95 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਕਸਬੇ ਨਾਲ ਲੱਗਦੇ ਪਿੰਡ ਕਲਾਨੌਰ ਵਿਖੇ ਸਰਬ ਕਲਿਆਣ ਸੇਵਾ ਸੁਸਾਇਟੀ ਕਲਾਨੌਰ ਵੱਲੋਂ 95 ਲੋੜਵੰਦ ਪਰਵਾਰਾਂ ਅਤੇ ਵਿਧਵਾਵਾਂ ਨੂੰ ਰਾਸ਼ਨ ਵੰਡਿਆ ਗਿਆ । ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੰਤ ਜਸਪਾਲ ਸਿੰਘ ਅਤੇ ਸਵਿੰਦਰ ਸਿੰਘ ਨੇ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਅਸੀਂ ਹਰ ਸੰਗਰਾਂਦ 'ਤੇ ਲੋੜਵੰਦ ਪਰਵਾਰਾਂ, ਵਿਧਵਾਵਾਂ ਸਮੇਤ ਹੋਰਨਾਂ ਪਰਵਾਰਾਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਭਲਾਈ ਦੇ ਕੰਮ ਕੀਤੇ ਜਾਂਦੇ ਹਨ । ਜਿਵੇਂ ਕਿਸੇ ਗਰੀਬ ਨੂੰ ਫਲੱਸ਼ ਬਣਾ ਕੇ ਦੇਣੀ, ਗੰਭੀਰ ਬਿਮਾਰੀ ਵਾਲਾ ਕੋਈ ਆਪਣਾ ਇਲਾਜ ਨਹੀਂ ਕਰਵਾ ਸਕਦਾ ਉਸਦਾ ਇਲਾਜ ਕਰਵਾਉਣ ਦੀ ਸੇਵਾ ਅਤੇ ਜਿਨ੍ਹਾਂ ਗਰੀਬ ਵਿਅਕਤੀਆਂ ਦੇ ਘਰਾਂ 'ਤੇ ਛੱਤ ਨਹੀਂ ਉਹਨਾ ਦੀ ਛੱਤ ਦੀ ਸੇਵਾ ਕੀਤੀ ਜਾਂਦੀ ਹੈ । ਇਹ ਸੇਵਾ 9 ਸਾਲ ਤੋਂ ਦਾਨਵੀਰ ਸੰਗਤਾਂ ਦੇ ਸਹਿਯੋਗ ਨਾਲ ਕਰ ਰਹੇ ਹਾਂ। ਪ੍ਰਧਾਨ ਨੇ ਕਿਹਾ ਕਿ ਅਜੇ ਸਾਡੇ ਕੋਲ 110 ਲੋੜਵੰਦ ਪਰਵਾਰਾਂ ਦੀ ਲਿਸਟ ਬਾਕੀ ਪਈ ਹੈ , ਮਾਇਆ ਦੀ ਘਾਟ ਕਰਕੇ ਰਾਸ਼ਨ ਨਹੀਂ ਦਿੱਤਾ ਜਾ ਰਿਹਾ । ਸਾਡੀ ਪੂਰੀ ਕੋਸ਼ਿਸ਼ ਹੈ ਜਦੋਂ ਵੀ ਮਾਇਆ ਦਾ ਪ੍ਰਬੰਧ ਹੋਵੇਗਾ ਅਸੀਂ ਰਾਸ਼ਨ ਦੀ ਸੇਵਾ ਸ਼ੁਰੂ ਕਰ ਦੇਵਾਂਗੇ । ਇਸ ਮੌਕੇ ਸੰਤ ਇੰਦਰਜੀਤ ਸਿੰਘ, ਸੰਤ ਦਲਜੀਤ ਸਿੰਘ , ਦਵਿੰਦਰ ਸਿੰਘ , ਪਰਮਿੰਦਰ ਸਿੰਘ , ਜੰਗ ਬਹਾਦਰ ਸਿੰਘ ਆਦਿ ਹਾਜ਼ਰ ਸਨ।



# ਅੰਮ੍ਰਿਤਸਰ 'ਚ ਲਗਾਇਆ ਧਰਨਾ ਚੁੱਕਿਆ ਜਾਵੇ : ਔਜਲਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਵੱਲੋਂ ਲਗਾਤਾਰ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਹਰ ਪਹਿਲੂ 'ਤੇ ਔਜਲਾ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਦੀ ਗੱਲ ਪਹਿਲ ਦੇ ਆਧਾਰ 'ਤੇ ਕੀਤੀ ਗਈ। ਅੱਜ ਜੋ ਸੰਯੁਕਤ ਕਿਸਾਨ ਮੋਰਚੇ 'ਦੇ ਪੰਜਾਬ ਸਰਕਾਰ ਵਿਰੁੱਧ ਪੰਜਾਬ 'ਚ ਹਰ ਥਾਂ 'ਤੇ ਕਿਸਾਨ ਭਾਈਚਾਰੇ ਵੱਲੋਂ ਧਰਨਾ ਲਗਾਇਆ ਗਿਆ ਹੈ ਉਸ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਔਜਲਾ ਨੇ ਕਿਹਾ ਕਿ ਮੈਂ ਹਮੇਸ਼ਾ ਕਿਸਾਨਾਂ ਦੇ ਹੱਕ ਵਿਚ ਖੜ੍ਹਾ ਹਾਂ ਅਤੇ ਪਹਿਲੇ ਵੀ ਬਤੌਰ ਮੈਂਬਰ ਪਾਰਲੀਮੈਂਟ ਮੇਰੇ ਵੱਲੋਂ ਨਵੀਂ ਦਿੱਲੀ ਵਿਖੇ ਇਕ ਸਾਲ ਲਗਾਤਾਰ ਕੇਂਦਰ ਸਰਕਾਰ ਦੇ ਖਿਲਾਫ ਧਰਨਾ ਲਗਾਇਆ ਗਿਆ ਸੀ ਤੇ ਅੱਜ ਵੀ ਮੈਂ ਕਿਸਾਨਾਂ ਦੇ ਹੱਕ ਵਿਚ ਹਾਂ ਅਤੇ ਇਹ ਵੀ ਸੱਚ ਹੈ ਕਿ ਮੌਜੂਦਾ 'ਆਪ' ਦੀ ਪੰਜਾਬ ਸਰਕਾਰ ਕਿਸਾਨੀ ਮਸਲਿਆਂ 'ਤੇ ਗੰਭੀਰ ਨਹੀਂ ਪਰ ਮੈਂ ਸਮੂਹ ਕਿਸਾਨ ਜਥੇਬੰਦੀਆਂ ਨੂੰ ਅਪੀਲ ਕਰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਜੋ ਕਿ ਪਵਿੱਤਰ ਸ਼ਹਿਰ ਹੈ ਗੁਰੂ ਦੀ ਨਗਰੀ ਹੈ ਤੇ ਜਿਥੇ ਦੇਸ਼ਾਂ ਵਿਦੇਸ਼ਾਂ ਤੋਂ ਯਾਤਰੂ ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਣਾ ਮੰਦਰ, ਭਗਵਾਨ ਵਾਲਮੀਕ ਜੀ ਦੇ ਅਸਥਾਨ ਰਾਮ ਤੀਰਥ ਤੇ ਜਲ੍ਹਿਆਂਵਾਲਾ ਬਾਗ ਵਿਖੇ ਨਤਮਸਤਕ ਹੋਣ ਆਉਂਦੇ ਹਨ ਤੇ ਉਸ ਸ਼ਹਿਰ 'ਚ ਮੇਨ ਪੁਲ ਭੰਡਾਰੀ ਪੁਲ 'ਤੇ ਧਰਨਾ ਲਗਾਉਣਾ ਬੇਹੱਦ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਹ ਪੁਲ ਹੀ ਏਅਰਪੋਰਟ, ਰੇਲਵੇ ਸਟੇਸ਼ਨ ਤੇ ਬੱਸ ਸਟੈਂਡ ਤੋਂ ਸ੍ਰੀ ਦਰਬਾਰ ਸਾਹਿਬ ਜਾਣ ਵਾਲੇ ਰਾਹ ਨੂੰ ਜੋੜਦਾ ਹੈ ਤੇ ਇਹ ਪੁਲ ਰੋਕਣਾ ਬੇਹੱਦ ਮੰਦਭਾਗਾ ਹੈ। ਔਜਲਾ ਨੇ ਕਿਹਾ ਕਿ ਅੱਜ ਭੰਡਾਰੀ ਪੁਲ 'ਤੇ ਲੱਗੇ ਧਰਨੇ ਕਾਰਨ ਜਿਥੇ ਕਿ ਰਾਹਗੀਰ ਪ੍ਰੇਸ਼ਾਨ ਹੋਏ, ਉਥੇ ਸਕੂਲੀ ਬੱਚਿਆਂ ਦੀਆਂ ਵੈਨਾਂ, ਐਂਬੂਲੈਂਸ 'ਚ ਮਰੀਜ਼ਾਂ ਤੇ ਭਾਰੀ ਗਿਣਤੀ 'ਚ ਅੰਮ੍ਰਿਤਸਰ 'ਚ ਪਹੁੰਚਣ ਵਾਲੇ ਯਾਤਰੂ ਨੂੰ ਪ੍ਰੇਸ਼ਾਨੀ ਆਈ। ਇਸ ਦੇ ਨਾਲ ਹੀ ਪਿੰਡੋਂ ਸ਼ਹਿਰ ਲੋੜਵੰਦ ਪਰਵਾਰਾਂ ਦੇ ਲੋਕ ਵੀ ਸ਼ਹਿਰ 'ਚ ਦਿਹਾੜੀ ਕਰਨ ਲਈ ਰੋਜ਼ਾਨਾ ਆਉਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਮਜ਼ਦੂਰ ਦਿਹਾੜੀਦਾਰ ਰੋਜ਼ਾਨਾ ਨਵੀਂ ਆਸ ਲੈ ਕੇ ਹੀ ਘਰੋਂ ਕੰਮ ਕਰਨ ਲਈ ਚੱਲਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਇਕ ਟੂਰਿਜ਼ਮ ਹੱਬ ਬਣ ਚੁੱਕਿਆ ਹੈ ਅਤੇ ਲੋਕ ਦੂਰੋਂ ਨੇੜਿਓਂ ਇਥੇ ਰਹਿੰਦੇ ਹਨ। ਇਸ ਦੇ ਨਾਲ ਵਪਾਰਕ ਸ਼ਹਿਰ ਵਜੋਂ ਵੀ ਅੰਮ੍ਰਿਤਸਰ ਪੂਰੀ ਦੁਨੀਆ ਦੀ ਨਜ਼ਰ 'ਤੇ ਹੈ ਤੇ ਲੋਕ ਸ਼ਹਿਰੋਂ ਪਿੰਡ ਤੋਂ ਆਪਣੇ ਵਿਆਹ ਜਾਂ ਹੋਰ ਸਾਜ਼ੋ ਸਾਮਾਨ ਲਈ ਸ਼ਹਿਰ 'ਚ ਖਰੀਦੋ ਫਰੋਖਤ ਕਰਨ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅਗਰ ਇਹ ਧਰਨਾ ਇਸ ਤਰ੍ਹਾਂ ਕਾਬਜ਼ ਰਿਹਾ ਤਾਂ ਕਾਫੀ ਹੱਦ ਤੱਕ ਸਾਡੀ ਟੂਰਿਜ਼ਮ ਹੱਬ ਨੂੰ ਢਾਹ ਲੱਗੇਗੀ ਜਿਥੇ ਕਿ ਅੰਮ੍ਰਿਤਸਰ ਸ਼ਹਿਰ ਦੇ ਵਪਾਰਕ ਅਦਾਰਿਆਂ ਵਜੋਂ ਕੰਮ ਕਰ ਰਹੇ ਲੋਕਾਂ ਦੀ ਆਰਥਿਕ ਵਿਵਸਥਾ ਕਮਜ਼ੋਰ ਹੋਵੇਗੀ। ਔਜਲਾ ਨੇ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਸਰਕਾਰ ਨਾਲ ਜੋ ਨਰਾਜ਼ਗੀ ਹੈ ਉਹ ਧਰਨਾ ਕਿਸੇ ਮੰਤਰੀ ਜਾਂ ਕਿਸੇ ਐਮ.ਐਲ.ਏ. ਦੇ ਘਰ ਦੇ ਬਾਹਰ ਲਗਾਉਣ ਤੇ ਅਸੀਂ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਮੌਜੂਦਾ ਸਰਕਾਰ ਦੇ ਵਿਰੁੱਧ ਧਰਨੇ 'ਤੇ ਬੈਠਾਂਗੇ ਪਰ ਗੁਰੂ ਦੀ ਨਗਰੀ ਅੰਮ੍ਰਿਤਸਰ ਸ਼ਹਿਰ ਦੇ ਮੇਨ ਰਸਤੇ ਜੋ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਂਦਾ ਹੈ ਉਸ ਉਤੇ ਆਪਣਾ ਧਰਨਾ ਨਾ ਲਾਇਆ ਜਾਵੇ।

# ਰਾਸ਼ਟਰੀ ਪ੍ਰੈੱਸ ਦਿਵਸ ਮਨਾਇਆ



**ਕਲਾਨੌਰ, (ਕੋਹਲੀ)**-ਲੋਕਤੰਤਰ ਦੇ ਚੌਥਾ ਥੰਮ੍ਹ ਕਹੇ ਜਾਣ ਵਾਲੇ ਪੱਤਰਕਾਰੀ ਦਿਵਸ ਨੂੰ ਕਲਾਨੌਰ ਵਿਖੇ ਕਲਾਨੌਰ ਪ੍ਰੈਸ ਕਲੱਬ ਵੱਲੋਂ ਪ੍ਰੈੱਸ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਇਸ ਮੌਕੇ ਕੇਕ ਵੀ ਕੱਟਿਆ ਗਿਆ। ਇਸ ਮੌਕੇ ਕਲਾਨੌਰ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਦੇਵ ਸਿੰਘ ਰਜਾਦਾ ਨੇ ਰਾਸ਼ਟਰੀ ਪ੍ਰੈੱਸ ਦਿਵਸ ਦੀਆਂ ਸਾਰੇ ਹੀ ਪੱਤਰਕਾਰਾਂ ਨੂੰ ਵਧਾਈਆਂ ਦਿੱਤੀਆਂ ਅਤੇ ਨਾਲ ਹੀ ਪ੍ਰਧਾਨ ਰਜਾਦਾ ਨੇ ਕਿਹਾ ਕਿ ਸਾਨੂੰ ਪੱਤਰਕਾਰੀ ਦੇ ਖੇਤਰ ਵਿੱਚ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਸੱਚ ਨੂੰ ਸੱਚ ਦੱਸਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਗੁਰਦੇਵ ਸਿੰਘ ਰਜਾਦਾ, ਇਕਬਾਲ ਸਿੰਘ ਵਾਲੀਆ, ਇੰਦਰਮੋਹਨ ਸਿੰਘ ਸੋਢੀ, ਡਾ.ਵਰਿੰਦਰ ਸਿੰਘ ਬੇਦੀ ਮਨਮੋਹਨ ਬੇਦੀ, ਰਾਜਨ ਸ਼ਰਮਾ, ਡਿੰਪਲ ਕੁਮਾਰ, ਕਮਲਜੀਤ ਸਿੰਘ, ਮਨਦੀਪ ਕੋਹਲੀ, ਦਾਨਿਸ਼ ਬੇਦੀ ਆਦਿ ਸਾਰੇ ਮੈਂਬਰ ਹਾਜ਼ਰ ਸਨ।

# ਸਰਕਾਰੀ ਸੀਨੀ: ਸੈਕੰ: ਸਕੂਲ ਨਾਗ ਕਲਾਂ ਵਿਖੇ ਬਾਲ ਦਿਵਸ ਸੰਬੰਧੀ ਸਮਾਗਮ

**ਮਜੀਠਾ (ਸੋਇਮ ਆਨੰਦ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਾਗ ਕਲਾਂ ਵਿਖੇ ਪ੍ਰਿੰਸੀਪਲ ਅੰਨੂੰ ਬੇਦੀ ਦੀ ਅਗਵਾਈ 'ਚ ਸਮੂਹ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ ਬਾਲ ਦਿਵਸ ਸੰਬੰਧੀ ਸਮਾਗਮ ਕਰਾਇਆ ਗਿਆ। ਜਿਸ ਵਿੱਚ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ ਦੇ ਸੀਨੀ: ਆਗੂ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਦੀ ਧਰਮ ਪਤਨੀ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮੁੱਖ ਮਹਿਮਾਨ ਅਤੇ ਐਸ.ਐਚ.ਓ ਮਜੀਠਾ ਮਨਮੀਤਪਾਲ ਸਿੰਘ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਪ੍ਰਿੰਸੀਪਲ ਅੰਨੂੰ ਬੇਦੀ ਨੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਡਾ. ਸਤਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਲਗਾਤਾਰ ਮਿਹਨਤ ਕਰਨ ਅਤੇ ਪੜ੍ਹਾਈ ਦੇ ਨਾਲ ਨਾਲ ਨੈਤਿਕ ਕਦਰਾਂ ਕੀਮਤਾਂ ਵਿੱਚ ਵੀ ਪ੍ਰਪੱਕ ਹੋਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਕੂਲ 'ਚ ਹੋਏ ਵਿਕਾਸ ਕਾਰਜਾਂ ਤੇ ਵੀ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਗੀਤ, ਡਾਂਸ ਆਦਿ ਦੀਆਂ ਪੇਸ਼ਕਾਰੀਆਂ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਸਕੂਲ ਦਾ ਸਾਲਾਨਾ ਮੈਗਜ਼ੀਨ ਕੈਂਪਸ ਟਾਕ ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਵੱਖ ਵੱਖ ਵਿਦਿਅਕ ਮੁਕਾਬਲਿਆਂ ਵਿੱਚ ਅੱਵਲ ਆਏ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਅੰਨੂੰ ਬੇਦੀ ਜੋਤੀ ਸੈਣੀ, ਰਜਵੰਤ ਕੌਰ, ਸਰਿਤਾ ਸ਼ਰਮਾ, ਗੁਰਪ੍ਰੀਤ ਕੌਰ, ਰਾਜਮੀਤ ਕੌਰ, ਹਰਿੰਦਰ ਕੌਰ, ਜਸਪ੍ਰੀਤ ਕੌਰ, ਹਰਪ੍ਰੀਤ ਕੌਰ, ਰਾਜਨ ਮਹਿਰਾ, ਵਿਕਰਮਜੀਤ, ਜਸਜੀਤ ਸਿੰਘ, ਰਮੇਸ਼ ਕੁਮਾਰ, ਸੁਰਿੰਦਰ ਸਿੰਘ, ਪਵਨ ਕੁਮਾਰ, ਰਾਮਬੀਰ ਸਿੰਘ, ਰਾਮ ਸਿੰਘ ਧਾਰੀਵਾਲ, ਸੁਖਦੇਵ ਸਿੰਘ, ਕੁਲਵੰਤ ਕੌਰ, ਅਨੁਭਾ ਗੁਪਤਾ, ਰਮਿੰਦਰਜੀਤ ਕੌਰ, ਰਮਿੰਦਰ ਬੇਦੀ, ਸਰਬਜੀਤ ਕੌਰ, ਰਮਨਦੀਪ ਕੌਂ, ਅਮਨਦੀਪ ਕੋਰ ਬਲਦੇਵ ਸਿੰਘ, ਸੁਰਿੰਦਰ ਸਿੰਘ, ਆਕਾਸ਼ਦੀਪ ਸਿੰਘ ਵੀਰਮ, ਮੰਗਲ ਸਿੰਘ, ਚਿਮਨ ਸਿੰਘ,ਆਦਿ ਹਾਜ਼ਰ ਸਨ।



